Ч Р
1976
Рин

1061
९।४

੧ ਓ ਸਤਿਗੁਰਪ੍ਰਸਾਦਿ ॥

ਮਿਸਟ੍ਰ ਫੀਰੋਜ਼ ਦੀਨ "ਸ਼ਰਫ"

ਦੀਆਂ ਅੱਜ ਤਕ ਸਾਰੀਆਂ ਹੀ ਇਨਾਮੀ ਕਵਿਤਾਂ ਦਾ

"ਗੁਲਦੱਸਤਾ"

# ਦੁੱਖਾਂ ਦੇ ਕੀਰਨੇ

ਜਿਸ ਵਿਚ ਕਿ ਹਰ ਇਕ ਵਡੇ ੨ "ਕਵੀ ਦਰਬਾਰ"
ਦੀਆਂ ਕਵਿਤਾਂ ਦੀਆਂ ਵਿਚੋਂ ਮਿਸਟ੍ਰ "ਸ਼ਰਫ" ਦੀਆਂ
ਕਵਿਤਾਂ ਦਿੱਤੀਆਂ ਗਈਆਂ ਹਨ, ਅਤੇ ਏਹ
ਉਹ ਹਨ, ਜੇਹੜੀਆਂ ਕਿ ਹਮੇਸ਼ਾ
ਪਹਿਲੇ ਨੰਬਰ ਤੇ ਰਿਹਾ
ਕਰਦੀਆਂ ਸਨ !

---

'ਪੰਜਾਬ ਖਾਲਸਾ ਪ੍ਰੈਸ' ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ
ਵਿਚ ਬਾ: ਸੰਤ ਸਿੰਘ ਅਕਾਲੀ 'ਬੋਹੀਆਂ ਵਾਲਾ'
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ।

2

NATIONAL ARCHIVES LIBRARY
No 1976
Date 1.2.72
GOVT. OF INDIA


# ਪੰਜਾਬ ਖਾਲਸਾ ਪ੍ਰੈਸ

ਏਸ ਪ੍ਰੈਸ ਵਿਚ ਹਰ ਕਿਸਮ ਦੀ ਛਪਾਈ ਬੜੀ ਸੁੰਦਰ ਸਸਤੀ ਤੇ ਵੇਲੇ ਸਿਰ ਕੀਤੀ ਜਾਂਦੀ ਹੈ ਅਰ ਟਾਈਪ ਅਤੇ ਮਸ਼ੀਨਾਂ ਆਦਿ ਸਭ ਸਾਮਾਨ ਨਵਾਂ ਹੈ। ਇਕ ਵੇਰ ਜ਼ਰੂਰ ਅਜ਼ਮਾਓ ।

ਪ੍ਰਾਰਥਕ:—

ਮੈਨੇਜਰ "ਪੰਜਾਬ ਖਾਲਸਾ ਪ੍ਰੈਸ"

ਬਾਜ਼ਾਰ ਮਾਈ ਸੇਵਾਂ ਅਮ੍ਰਿਤਸਰ ।

# ਸ਼ੁਦੀ ਪੱਤ੍ਰ

| ਪੰਨਾ | ਸਤਰ | ਅਸ਼ੁਧ | ਸੁਧ |
|---|---|---|---|
| ੬ | ੫ | ਜੇਹੇ | ਦੇ |
| ੧੨ | ਪੰਨਾ ਦੂਸਰੀ ਸਤਰ ਤੋਂ ਅਗੇ ਦੀ ਕਵਿਤਾ ੨੨ ਪੰਨਾ ੧੫ ਸਤਰ ਤੋਂ ਪੜ੍ਹੋ। | | |
| ੧੨ | ੧੭ | ਫੁਰਮਾਨ ਏਥੇ | ਪ੍ਰਵਾਨ ਏਥੇ |
| ੧੩ | ੧ | ਲਗਾ ਕਰਨ ਜੋ ਕਹਨ | ਲਗਾਂ ਕਹਨ ਜੇ ਕਦੀ |
| ੧੫ | ੬ | ਕਿਨੇ ਕਦੀ | ਕਿਨੇ ਸੀ ਕਦੀ |
| ,, | ੧੩ | ਤੇ ਬੈਠੇ | ਬੈਠੇ ਜੋ |
| ,, | ੧੬ | ਪਾ ੨ | ਪਾਕ |
| ੧੮ | ੮ | ਸ਼ੰਗਾਚ | ਸ਼ੰਗਾਰ |
| ,, | ੧੦ | ਸ਼ਾਰੇ | ਸਾਰੇ |
| ,, | ੧੭ | ਗਾਲਿਆ | ਕਾਲੀਆਂ |
| ੧੯ | ੧੦ | ਬੈਠੀ | ਬੈਠੇ |
| ੨੦ | ੯ | ਫਿਤੀ | ਫ਼ੀਤੀ |
| ,, | ੭ ਤੇ ੧੩ | ਕਨਿਹਾਂ | ਕਿਨਹਾਂ |
| ੨੧ | ੧,੭,੯ | ਕਨਿਹਾਂ | ਕਿਨਹਾਂ |
| ੨੨ | ੨ | ਬੁਗਤਿਆਂ ਮੁਕਤਿਆਂ ਪਾਏ ਕਨਿਹਾਂ | ਬੁਗਤੀਆਂ ਮੁਕਤੀਆਂ ਪਾਏ ਕਿਨਹਾਂ |
| ,, | ੮ | ਨਿਕਕਲਦੇ | ਨਿਕਲਦੇ |
| ,, | ੧੦ | ਪਰਕਾਰ | ਪੁਕਾਰ |
| ,, | ੧੫ | ਭਤਰਾਮ | ਭਤਘਰਾ |
| ,, | ੧੬ | ਵੀ | ਕੀ |
| ੨੩ | ੧੪ | ਕਰਨ | ਕਰਨੇ |
| ੨੪ | ੧੦ | ਦਾਣਿਆਂ | ਦਾਣੇ |
| ੨੫ | ੭ | ਬੁਲਦੀ | ਬੁਲਣੀ |
| ੨੭ | ੧੦ | ਹੁਜਕਿਆਂ | ਹੁਜੋਕਿਆਂ |
| ,, | ੧੨ | ਵਿਚ | ਵਿਚੋਂ |
| ,, | ੧੪ | ਜਹੇ | ਜਹਿਆਂ |
| | ੧੦ | ਪਾਜੀਆਂ | ਪਾੜਿਆ |
| | ੧੭ | ਧੋ ਧੋ | ਧੂ ਧੂ |
| | ੯ | ਤੇ | ਤੈਂ |
| | ੩ | ਸ਼ੁਚਰ | ਸ਼ੁਕਰ |
| | ੬,੧੯ | ਸ਼ਾਨ | ਆਨ |
| | ੨੧ | ਸ਼ਾਂਤਮਈ | ਸ਼ਾਂਤਮਈ ਦੇ |
| | ੬ | ਖੇਡਨੇ | ਖੇਡਨ |
| | ੨ | ਹੈ ਏਹ ਜ਼ਮੀਨ | ਇਹ ਜ਼ਿਮਾਂ ਹੈ ਹਿੰਦ |
| | ੧੮ | ਕੁਰਬਾਮ | ਕੁਰਬਾਨ |
| | ੫ | ਝੜੀ | ਧੜੀ |
| | ੧੮ | ਨਿਕਾਰਿਆ | ਨਿਕਾਰੀਆਂ |
| | ੯ | ਕੇ | ਗਿਆ |
| | ੧੭ | ਅੰਦਰੋਂ | ਅੰਬਰੋਂ |
| | ੧੮ | ਤੋਂ | ਤੂੰ |
| | ੮ | ਤੇਰੀ | ਏਹਦੀ |
| | ੧੪ | ਉਨਹਾਂ | ਦੋਹਾਂ |
| | ੧੫ | ਲਾਹੁਨ | ਲਾਹੁ ਨੀ |
| | ੧੬ | ਸਨੋਲੇ | ਸੈਦਲੇ |
| | ੧੭ | ਕਲਿਆਂ ਦੇਖ ਡਬਕੋਣ | ਕਲੀਆਂ ਵੇਖ ਦਬਕੋਣ |
| | ੩ | ਕੋਹਨਰ | ਕੋਹਨੂਰ |
| | ੭ | ਜੀਬ | ਹਬੀਬ |
| | ੯ | ਸਾਡਾ | ਸਾਰਾ |
| | ੧੫ | ਬੇਵਤਰੇ | ਬੇ ਵੈਹਤੇ |
| | ੧੭ | ਕਿਤੇ | ਦਿਤੇ |
| | ੧੮ | ਜਾਦੂਆ | ਜਾਂਦੂਆ |
| | ੮ | ਟੂਨੇ | ਟੋਣੇ |
| | ੯ | ਕਰਕੇ | ਕਰ ਲਏ |
| | ੧੯ | ਸ਼ੁਕਤੇ ਪਾਪੀਆਂ ਦੀ | ਸੁਕੇ ਪਾਪਿਆਂ ਦੀ |
| ੩੪ | ੧੬ | ਗਲ ਗਲ | ਕਲ ਕਲ |
| ੩੫ | ੧੬ | ਡੰਗਨਾਂ | ਢੰਗਨਾਂ |
| ੪੬ | ੭ | ਮੈਦਾਨ | ਮੰਜ਼ਲ |
| ,, | ,, | ਤੈਹ | ਤੈ |
| ੪੭ | ੩ | ਜਦ | ਏਸ |
| ,, | ੮ | ਚੁਕਿਆ | ਝੁਕਿਆ |
| ੪੮ | ੩ | ਬਾਝ | ਲਭਣ |
| ੫੦ | ੨੨ | ਘਰ ਕੋਈ | ਘਰ ਕੋਈ ਅਸ |
| ੫੭ | ੨੦ | ਗੰਬ | ਗੁੰਬ |
| ੫੮ | ੮ | ਢਾਲ | ਫ਼ਾਲ |
| ,, | ੧੧ | ਠੇਕੇ | ਠੇਡੇ |
| ,, | ੨੦ | ਉਰਪਾਲ | ਉਛਾਲ |
| ੫੯ | ੧ | ਕਰ ਸ਼ਹੀਦ | ਕਰ ਗਏ ਸ਼ਹੀਦ |
| ੬੦ | ੬ | ਤੀਕ | ਤਕ |
| ,, | ੧੨ | ਵਾਰ । | ਦਾਰ ਦਾ |
| ,, | ੧੫ | ਤਰਲੀਆਂ | ਤਰੇਲੀਆਂ |
| ,, | ੨੦ | ਜ਼ਰਾ ਕੁੰਜ | ਜ਼ਰਾ ਕੁੰਜ ਕੇ |
| ੬੫ | ੧ | ਪ੍ਰੇਸਾਂ | ਪ੍ਰੇਸ਼ਾਂ |
| ੬੭ | ੨੧ | ਰਾਜੇ ਸਨ | ਰਾਜੇ ਰਾਣੇ ਸਨ |
| ,, | ੨੩ | ਪਕੜੇ | ਨਪੜੇ |
| ੬੮ | ੩ | ਮਖਮਲਾਂ | ਮਖ਼ਮਲ |
| ,, | ੧੬ | ਜੂਤ | ਸੂਤ |
| ੭੦ | ੭ | ਤੜ ਤੜ | ਨਾੜ ਨਾੜ |
| ,, | ੮ | ਬੋਲੀਆਂ | ਗੋਲੀਆਂ |
| ,, | ੧੭ | ਜੇਹਿਆਂ ਰਕ | ਜੇਹੀਆਂ ਰੋਕੇ |
| ੭੧ | ੧੮ | ਪੈਗੰਬਰ ਦਾ | ਪੈਗੰਬ੍ਰ ਦੇ |
| ੭੨ | ੩ | ਵੇਖ | ਵੇਚ |
| ,, | ੧੩ | ਰਾਵਲੇ ਦਖਾਉਣ | ਗਵਾਲੇ ਰਖਾਉਣ |
| ,, | ੧੬ | ਸੀ | ਵੀ |
| ੭੩ | ੧੦ | ਜੇਹਿਆਂ | ਜੇਹੀਆਂ |
| ,, | ੧੬ | ਦਾਣੇ ੨ ਪਿਸ | ਦਾਣੇ ਪਿਸ ੨ |
| ,, | ੨੩ | ਬਨ ਕੇ | ਬਨਾ |
| ੭੪ | ੪ | ਪਾਸਿਆਂ ਚੋਂ | ਪਿਸੀਆਂ ਚੋਂ |
| ,, | ੯ | ਦਲ | ਦਿਲ |
| ੭੫ | ੧੬ | ਫਕੀਰੀ | ਫਕੀਰੀਏ |

## ਬੇਨਤੀ

ਸਭ ਤੋਂ ਪੈਹਲਾਂ ਮੈਂ ਆਪਣੇ ਮਾਨਯੋਗ ਪਾਠਕਾਂ ਪਾਸੋਂ ਇਸ ਕਤਾਬ ਵਿਚ ਰੈਹ ਗਈਆਂ ਗ਼ਲਤੀਆਂ ਦੀ ਖਿਮਾਂ ਮੰਗਦਾ ਹਾਂ। ਜਿਸਦਾ ਵਡਾ ਕਾਰਨ ਇਹ ਸੀ ਕਿ ਮੈਂ ਆਪ ਤਾਂ ਗੁਰਮੁਖੀ ਲਿਖ ਪੜ੍ਹ ਨਹੀਂ ਸਕਦਾ ਜਿਸ ਕਰਕੇ ਮਾੜੇ ਲੇਖਾਂ ਨੂੰ ਭਾ: ਮਖਣ ਸਿੰਘ ਤੇ ਭਾ: ਧੀਰਮ ਸਿੰਘ ਨੂੰ ਕਤਾਬ ਛਪਣ ਲਈ ਦੇ ਬੈਠਾ। ਉਕਤ ਸਜਨਾ ਨੇ ਕਤਾਬ ਨੂੰ ਇਸ ਲਾਪ੍ਰਵਾਹੀ ਨਾਲ ਛਪਵਾਇਆ ਕਿ ਮੈਨੂੰ ਮਜਬੂਰ ਹੋਕੇ ਛਪੀ ਛਪਾਈ ਕਤਾਬ ਉਨ੍ਹਾਂ ਪਾਸੋਂ ਵਾਪਸ ਲੈਣੀ ਪਈ। ਅੰਤ ਵਿਚ ਮੈਂ ਮੈਨੇਜਰ ਸਾਹਿਬ ਖ਼ਾਲਸਾ ਆਜ਼ਾਦ ਏਜੰਸੀ ਦਾ ਧੰਨਵਾਦ ਕੀਤੇ ਤੋਂ ਬਿਨਾਂ ਨਹੀਂ ਰੈਹ ਸਕਦਾ ਜਿਨ੍ਹਾਂ ਨੇ ਕਿ ਕਤਾਬ ਨੂੰ ਸੋਧਣ ਮਗਰੋਂ ਸ਼ੁਦੀ ਪੱਤ੍ਰ ਛਪਵਾਕੇ ਤੇ ਹੋਰ ਹਰ ਸੰਭਵ ਤ੍ਰੀਕੇ ਨਾਲ ਮੇਰੀ ਇਸ ਮਾਮਲੇ ਵਿਚ ਸਹਾਇਤਾ ਕੀਤੀ ਹੈ।

ਮੈਂ ਹਾਂ, ਆਪ ਦਾ ਨਮਾਣਾ ਸੇਵਕ

ਫ਼ੀਰੋਜ਼ ਦੀਨ 'ਸ਼ਰਫ਼'

੧ ੴ ਸਤਿਗੁਰ ਪ੍ਰਸਾਦਿ ॥

## ਦਸਮੇਸ਼ ਪਿਤਾ ਦਾ ਆਗਮਨ ! (ੳ)

ਇਹ ਕਵਿਤਾ ਲਾਇਲਪੁਰ ਵਿਖੇ ੧੨-੨-੨੪, ਨੂੰ
"ਇਨਾਮੀ ਮੁਸ਼ਾਇਰੇ" ਵਿਚ ਪੜ੍ਹੀ ਗਈ
ਅਤੇ ਨੰਬਰ ਅੱਵਲ ਰਹੀ ॥

—o—

ਸ਼ੁਭ ਵਾਰ ਸੀ ਜਦੋਂ ਦਸਮੇਸ਼ ਸਾਂਏ,
ਤੁਸੀ ਦੁਨੀਆਂ ਅੰਦਰ ਫੇਰਾਪੌਣ ਆਏ !
ਮਾਤਾ ਪਿਤਾ ਦੇ ਕਾਲਜੇ ਠੰਡ ਪਾਕੇ,
ਭਾਂਬੜ ਪਾਪ ਦੇ ਨਾਲੇ ਬੁਝੌਣ ਆਏ !
ਨੌਵਾਂ ਗੁਰੂਆਂ ਦੀ ਨੌਵੇਂ ਹੀ ਵਰ੍ਹੇ ਅੰਦਰ,
ਤੁਸੀਂ ਬਲ ਤੇ ਸ਼ਕਤੀ ਵਖੌਣ ਆਏ !
ਕੋਈ ਨਾ ਜਿਨਹਾਂ ਦੇ ਅਥਰੂ ਪੂੰਜਦਾ ਸੀ,
ਤੁਸੀਂ ਓਨਾਂ ਨੂੰ ਖਿੜਖਿੜ ਹਸੌਣ ਆਏ !
ਬੰਸ ਆਪਣਾ ਸਾਰਾ ਉਜਾੜ ਕੇ ਤੇ,
ਉਜੜ ਗਿਆਂ ਨੂੰ ਤੁਸੀਂ ਵਸੌਣ ਆਏ !
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲਾਉਣ ਆਏ !

ਪੱਥਰ ਚਿੱਤ ਪਹਾੜ ਦੇ ਰਾਜਿਆਂ ਨੇ,
ਕਿਤੇ ਚਾਕ ਸਨ ਗਿਰੇਬਾਨ ਜੇਬ ਕੀਤੇ !
ਕਿਤੇ ਜ਼ਾਲਮ ਮਸੰਦਾਂ ਨੇ ਨਾਲ ਸਿੰਘਾਂ,
ਲੱਖਾਂ ਜ਼ੁਲਮ ਤੇ ਦਗ਼ੇ ਫਰੇਬ ਕੀਤੇ !
ਕਿਤੇ ਦਾਰਾ ਜੇਹੇ ਖ਼ੂਨ ਵਿਚ ਹੱਥ ਭਰਕੇ,
ਔਰੰਗਜ਼ੇਬ ਸਨ ਰੰਗ ਬੇਜ਼ੇਬ ਕੀਤੇ !
ਸਾਯਾ ਪਾਯਾ ਸੀ ਆਨਕੇ ਤੁਸਾਂ ਐਸਾ,
ਜਾਦੂਗਰਾਂ ਦੇ ਦੂਰ ਅਸੇਬ ਕੀਤੇ !
ਦੀਨਾ ਬੰਧੂ ਜੀ ਜ਼ੁਲਮ ਦੇ ਬੰਧਨਾਂ ਚੋਂ,
ਫਸਿਆਂ ਹੋਇਆਂਨੂੰ ਤੁਸੀਂ ਛੁਡੌਣ ਆਏ !
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲਾਉਣ ਆਏ !

—:-)(-:—

ਘੋੜਾ, ਬਾਜ਼, ਤੇ ਬਾਨ, ਕਮਾਨ, ਖੰਡਾ,
ਹੋਏ ਕੁਦਰਤੋਂ ਆਪਨੂੰ ਦਾਨ ਪੰਜੇ !
ਧਰਮ, ਸਿੱਦਕ, ਸਚਾਈ, ਤੇ ਆਨ, ਸਿੱਖੀ,
ਪੰਜੇ ਸਾਹਿਬ ਸਨ ਜੇੜ੍ਹੇ ਨਿਸ਼ਾਨ ਪੰਜੇ !
ਟੁਕੜੇ ਜਿਗਰ ਦੇ ਚਾਰ ਤੇ ਪਿਤਾ ਪੰਜਵੇਂ,
ਓਨ੍ਹਾਂ ਵਾਸਤੇ ਕੀਤੇ ਕੁਰਬਾਨ ਪੰਜੇ !
ਪੰਜ ਤੱਤ ਦੇ ਅਰਥ ਇਹ ਤੁਸਾਂ ਦਸੇ,
ਕੱਕੇ ਪੰਥ ਨੂੰ ਕੀਤੇ ਫੁਰਮਾਨ ਪੰਜੇ !
ਧਰਮ, ਨੇਮ, ਪ੍ਰੇਮ ਦੀ ਜੋਤ ਲੈਕੇ,

ਤੁਸੀਂ ਸਿੱਖੀ ਦੀ ਸ਼ਮਾਂ ਜਗੌਣ ਆਏ !
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲਾਉਣ ਆਏ !

ਭਲਾ ਵੇਖਕੇ ਕਿਤੇ ਨਿਗਾਹ ਤੇਰੀ,
ਸਣੇ ਕਿਬਰ ਹੰਕਾਰ ਬਲਿਹਾਰ ਹੋਯਾ !
ਮਾਰਨ ਆਯਾ ਤੇ ਮਰ ਗਿਆ ਆਪ ਕਿਧਰੇ,
ਜ਼ਖਮੀ ਤੇਗ ਬਿਨ ਸਿਪਾ ਸਲਾਰ ਹੋਯਾ !
ਲਿਆਂਦਾ ਇਕ ਤੇ ਭਰੇ ਦਰਿਆ ਵੇਖੇ,
"ਹੀਰਾ" ਘਾਟ ਤੇ ਕੋਈ ਸ਼ਿਕਾਰ ਹੋਯਾ !
ਬਿਨਾਂ ਉਕਿਆਂ, ਉਕਾ ਈ ਦਿੱਲ ਵਿਧਾ,
ਜਿਧਰ ਸੁੰਦਰ ਨਿਗਾਹ ਦਾ ਵਾਰ ਹੋਯਾ !
ਏਥੇ ਤੀਰ, ਤਲਵਾਰ, ਦਾ ਕੰਮ ਕੀ ਸੀ,
ਤੁਸੀਂ ਨੈਣਾਂ ਦੇ ਬਾਨ ਚਲੌਣ ਆਏ !
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲਾਉਣ ਆਏ !

ਛੱਟੇ ਅੰਮ੍ਰਿਤ ਦੇ ਮਾਰਕੇ ਠੰਡ ਪਾਈ,
ਜੇੜ੍ਹੀਆਂਨਿਤਦੀਜਾਂਹਿੱਕਾਂਸੜਦੀਆਂ ਸਨ !
ਚਿੜਕੇ ਆਨ ਤੋਂ ਬਾਜ਼ਾਂਦੇਨਾਲ ਚਿੜੀਆਂ,
ਬਾਜੀਲੌਂਦੀਆਂ ਸੀਸਤੇ ਧੜਦੀਆਂ ਸਨ !

ਜਾਨਾਂ ਕੱਲੀਆਂ ਕੱਲੀਆਂ ਰਣ ਅੰਦਰ,
ਸਵਾ ਲੱਖਦ ਨਾਲਜਾ ਲੜਦੀਆਂ ਸਨ !
ਖਾਕੇ ਭਾਂਜ ਤੇ ਫੌਜਾਂ ਗਨੀਮ ਦੀਆਂ,
ਅਗੇ ਸ਼ੇਰਾਂਦੇ ਜ਼ਰਾ ਨਾ ਅੜਦੀਆਂ ਸਨ !
ਸਾਗਰ ਸ਼ਕਤੀਦੇ ਖਿਜ਼ਰ-ਖਵਾਜ ਬਨਕੇ,
ਤੁਸੀਂ ਸਿੰਘਾਂ ਨੂੰ ਅੰਮ੍ਰਿਤ ਛਕੌਣ ਆਏ !
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲਾਉਣ ਆਏ !

—-o-—

ਬਾਲ ਗਏ ਓਹ ਸ਼ਮਾਂ ਬਹਾਦਰੀ ਦੀ,
ਭੀਮਸੈਣ ਵਾਂਗੂੰ ਅਰਜਨ ਬਲੀ ਵਾਂਗੂੰ !
ਆਦਰ ਭਾ ਦੀ ਚਾਦਰ ਬਨਾ ਦਿਤੀ,
ਵਗ ਵਗਕੇ ਸੂਤ ਦੀ ਨਲੀ ਵਾਂਗੂੰ !
ਬੁਲੇ ਾਨ ਦੇ ਐਸੇ ਵਗਾ ਦਿਤੇ,
ਹਰੀ ਚੰਦ ਵਾਂਗੂੰ, ਹਜ਼ਰਤ ਅਲੀ ਵਾਂਗੂੰ !
ਖਾਨਦਾਨਾਂ ਦੇ ਖਾਨਦਾਂ 'ਫੂਲ' ਬਨ ਗਏ,
ਕਿਸਮਤ ਬੰਦ ਸੀਜਿਨਾਂਦੀ ਕਲੀ ਵਾਂਗੂੰ !
ਤੁਸਾਂ 'ਮੱਖਨ' ਚੁਰਾਕੇ ਨਹੀਂ ਖਾਧਾ,
ਸਗੋਂ ਲੋਕਾਂ ਨੂੰ ਮੱਖਨ ਖੁਆਉਣ ਆਏ !
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲਾਉਣ ਆਏ ।

—o—

ਪਰਲੋ ਤੀਕ ਨਾ ਪੰਥ ਤੋਂ ਲਥਨਾ ਏਂ,
ਜੇਹੜਾ ਵਾਹਦਤ ਦਾ ਰੰਗ ਚੜ੍ਹਾ ਗਏ !
ਸਾਡੇ ਪਿਛੇ ਨਾ ਬਨੇ ਸਮਾਧ ਸਾਡੀ,
ਜਾਨ ਲਗੇ ਇਹ ਹੁਕਮ ਫੁਰਮਾ ਗਏ !
ਮਤਾਂ ਲੋਕ ਸਮਾਧ ਦੀ ਕਰਨ ਪੂਜਾ,
ਜਦੋਂ ਸ਼ਰਧਾ ਦੇ ਜੋਸ਼ ਵਿਚ ਆ ਗਏ !
ਸਦਕੇ ਜਾਂ ਮੈਂ, ਗੁਰੂ ਜੀ ਤੁਸੀਂ ਵਾਹ ਵਾਹ,
"੧ ਓਂਕਾਰ" ਦੇ ਅਰਥ ਸਮਝਾ ਗਏ !
'ਸ਼ਰਫ' ਦੁਸ਼ਮਣੀ ਕਿਸੇ ਦੇ ਨਾਲ ਨਹੀਂ ਸੀ,
ਤੁਸੀਂ ਪਾਪ ਤੇ ਜ਼ੁਲਮ ਮਟੌਣ ਆਏ !
ਕਲਗੀਧਰ ਜੀ ਸ੍ਰੀ ਮਹਾਰਾਜ ਪਿਆਰੇ,
ਰੁੜ੍ਹਦੇ ਬੇੜਿਆਂ ਨੂੰ ਬੰਨੇ ਲਾਉਣ ਆਏ !

—o—

## ਦਸਮੇਸ਼ ਪਿਤਾ ਦਾ ਆਗਮਨ (ਅ)

ਲਾਇਲਪੁਰ "ਕਵੀ ਦਰਬਾਰ"
(੧੨-ਫਰਵਰੀ-੨੪) ਦੀ ਇਨਾਮੀ ਕਵਿਤਾ॥

—o—

'ਕਲਗੀਧਰ' ਕਲਗੀਧਰ ਆਏ,
ਲੈਕੇ ਕੁਲ ਵਡਿਆਈਆਂ, ਧੁਮਾਂ ਪਾਈਆਂ
ਸ਼ੁਭ ਘੜੀ ਸ਼ੁਭ ਲਗਣ ਮਹੂਰਤ,
ਹੋਈਆਂ ਜਨਮ ਸਫਾਈਆਂ, ਜਗਤ ਰਿਹਾਈਆਂ
ਸੋਹਣੇ ਵਾਰ ਗੁਰੂ ਜੀ ਆਏ ਥਾਂ ਥਾਂ,
ਮਿਲਣ ਵਧਾਈਆਂ, ਕੁਲਾਂ ਵਧਾਈਆਂ
ਅੰਮ੍ਰਿਤ ਪਿਆਲੇ, ਐਸੇ ਪਿਆਲੇ,
ਚਿੜੀਆਂ ਬਾਜ ਬਨਾਈਆਂ, ਵਾਹ ਉਲਿਆਈਆਂ
ਪੰਥ ਗੈਬ ਬਨਾਏ ਦੋਵੇਂ, ਸ਼ਕਤੀ
ਵਾਲਿਆ ਸਾਈਆਂ, ਕਰਕੇ ਸ਼ਾਈਆਂ
ਪਾਪੀ ਵੈਰੀ ਦੋਵੇਂ, ਝੰਬੇ ਵਾਂਗੂ
ਧਾਈਆਂ, ਕਰ ਕਰ ਧਾਈਆਂ
ਸਿੰਘਾਂ ਵਾਲੀਆਂ ਬੇੜੀਆਂ ਦੋਵੇਂ,
ਕਿਤੇ ਤਰਾਈਆਂ, ਕਿਤੇ ਤੁੜਾਈਆਂ
ਪਾਪ ਜ਼ੁਲਮ ਦੀਆਂ ਬਦਲੀਆਂ ਜੋ ਸਨ,
ਹਿੰਦ ਤੇ ਛਾਈਆਂ, ਸਭੇ ਉਡਾਈਆਂ
'ਸ਼ਰਫ' ਸੁਨਾਈਆਂ ਐਸੀਆਂ ਗਲਾਂ,
ਸੰਗਤ ਭਾਈਆਂ, ਸਭ ਨੂੰ ਭਾਈਆਂ

--o--

# ਬਾਗ਼ ਦੇ ਰਾਖੇ ਨਾਲ ਬੁਲਬੁਲਾਂ ਦੀਆਂ ਦੋ ਗੱਲਾਂ।

ਲਾਇਲਪੁਰ "ਕਵੀ ਦਰਬਾਰ" ਦੀ
ਇਨਾਮੀ ਕਵਿਤਾ !
ਤ੍ਰੀਕ–੧੨–੨–੨੪

ਰੋਕੇ ਬੁਲਬੁਲਾਂ ਆਖਿਆ ਰਾਖਿਆ ਵੇ,
ਸਾਡਾ ਐਬ ਗੁਨਾਹ ਕੀ ਫੋਲਿਆ ਈ !
ਸਾਡੇ ਬਾਗ਼ ਪ੍ਰਵਾਰ ਨੂੰ ਵੇਖਕੇ ਤੇ,
ਤੇਰਾ ਜੀ ਕਿਓਂ ਪਾਪੀਆ ਡੋਲਿਆ ਈ !
ਜੇਹੜੇ ਰੋਜ ਦਾ ਬਾਗ ਵਿਚ ਆਨ ਵੜਿਓਂ,
ਪਾ ਹਨੇਰ ਦਿੱਤਾ ਵਾ ਵਰੋਲਿਆ ਈ !
ਕੀਤਾ ਸੋਸਨ ਨੇ ਪਿੱਟ ੨ ਮੂੰਹ ਨੀਲਾ,
ਸਾਰਾ ਬਾਗ਼ ਘਰ ਆਪਣੇ ਢੋਲਿਆ ਈ !
ਫਾਹੀਆਂ ਲਾਕੇ ਫੇਰੀ ਊ ਸਰ ਐਸੀ,
ਤੋੜ ਫੁੱਲਾਂ ਨੂੰ ਮਿੱਟੀ ਵਿੱਚ ਰੋਲਿਆ ਈ !
ਬਾਘੀ ਪਾਈਊ ਬਾਗ਼ੀ ਬਨਾ ਸਾਨੂੰ,
ਕਰਕੇ ਧੜੇ ਅਪਰਾਧ ਇਹ ਤੋਲਿਆ ਈ !
ਚੁੰਜਾਂ ਸਾਡੀਆਂ ਪੀਚਕੇ ਬੰਨ੍ਹਕੇ ਵੀ,
ਕੈਦ ਕਰਨ ਲਈ ਪਿੰਜਰਾ ਖੋਹਲਿਆ ਈ !
ਵੇ ਤੂੰ ਵਾਂਗ ਪਤਾਸੇ ਦੇ ਖੁਰ ਜਾਵੇਂ,

ਸਾਡੇ ਨਾਲ ਕੀ ਘੋਲਨਾ ਘੋਲਿਆ ਈ
ਸਾਨੂੰ ਗੰਗੂ ਰਸੋਈਏ ਦੇ ਵਾਂਗ ਤੂੰ ਭੀ,

## ਜਲ੍ਹਿਆਂ ਵਾਲਾ ਬਾਗ਼ ( ੳ )

—o—

### ਕਾਰ ਸਮਾਗਮ ਤੇ

"ਕਵੀ ਦਰਬਾਰ" ( ਜਲਿਆਂ ਵਾਲਾ ਬਾਗ ) ਦੀ ਪੈਹਲੇ
ਨੰਬਰ ਦੀ ਇਨਾਮੀ ਕਵਿਤਾ। ( ਜੂਨ ੧੯੨੩ )

—o—

ਸੱਮਸਿਆ ਦੇ ਦੋ ਮਿਸਲੇ ਸਨ:—
( ੧ ) ਆਓ ਸੀਸ ਸਵਰਾਜ ਤੋਂ ਵਾਰ ਦੇਈਏ ॥
( ੨ ) ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ ॥

ਨਾਦਰ ਗਰਦੀ ਵੀ ਹਿੰਦ ਨੂੰ ਭੁਲ ਗਈ ਏ,
ਚਲੇ ਇੰਗਲਸ਼ੀ ਐਸੇ ਫੁਰਮਾਨ ਏਥੇ
ਕਰਾਂ ਕੇਹੜਿਆਂ ਅੱਖਰਾਂ ਵਿੱਚ ਜ਼ਾਹਿਰ,
ਜੋ ਜੋ ਜ਼ੁਲਮ ਦੇ ਹੋਏ ਸਾਮਾਨ ਏਥੇ
'ਉਡਵਾਇਰ' ਦੀ ਉਤੋਂ ਉਡ'ਵਾਇਰ'ਆਈ,
ਕੀਤੇ "ਡਾਇਰ" ਨੇ ਹੁਕਮ ਫੁਰਮਾਨ ਏਥੇ
ਨਰਕ ਵਿਚ ਜਮਦੂਤ ਨਮਰੂਦ ਕੰਬਨਿ,

ਲਗਾ ਕਰਨ ਜੋ ਕਰਨ ਬਿਆਨ ਏਥੇ !
ਜੇਹੜਾ ਪਾਰ ਸਮੁੰਦਰੋਂ ਲੜੇ ਜਾਕੇ,
ਓਹਦਾ ਅਜਰ ਮਿਲਿਆ ਸਾਨੂੰ ਆਨ ਏਥੇ !
ਇਕੋ 'ਆਨ' ਅੰਦਰ ਜ਼ਾਲਮ ਆਨਕੇ ਤੇ,
ਦਿੱਤੀ ਮੇਟ ਪੰਜਾਬ ਦੀ ਆਨ ਏਥੇ !
ਕੀਤੀ ਰਾਖੀ ਵਸਾਖੀ ਵਿੱਚ 'ਜੇਹੀ ਸਾਡੀ'
ਲੱਗੇ ਗੋਲੀਆਂ ਮਾਰਨ ਸ਼ੈਤਾਨ ਏਥੇ !
ਕੀਤਾ ਅਤਿਆਚਾਰ ਨਹਿੱਥਿਆਂ ਤੇ,
ਹੋਇਆ ਹਸ਼ਰ ਦਾ ਗਰਮ ਮੈਦਾਨ ਏਥੇ !
ਚਲੀ ਪੇਸ਼ ਨ ਕੋਈ 'ਜ਼ੇਰ' 'ਜ਼ਬਰ' ਹੋ ਗਏ,
ਰਹਿਗਏਕਈਆਂਦੇਦਿਲਵਿਚਅਰਮਾਨਏਥੇ !
ਕਈ ਜਾਨ ਭਿਆਨੇ ਸਨ, ਜਾਨ ਲਗੇ,
ਦਿੱਤੀ ਤੜਫ ਕੇ ਉਹਨਾਂ ਵੀ ਜਾਨ ਏਥੇ !
ਸੁੱਧ, ਬੁੱਧ, ਨ, ਕੇਸ, ਤੇ ਵੇਸ ਦੀ ਸੀ,
ਕਈ ਹੋਏ ਐਸੇ ਪਰੇਸ਼ਾਨ ਏਥੇ !
ਕਈ ਖੂਹ ਵਿੱਚ ਡਿੱਗੇ ਸਨ ਵਾਂਗ 'ਯੂਸਫ'
ਮਰ ਗਏ ਕਈ ਤਿਹਾਏ ਇਨਸਾਨ ਏਥੇ !
ਮਹਿੰਦੀ ਲੱਥੀ ਨਹੀਂ ਸੀ ਕਈਆਂ ਲਾੜ੍ਹਿਆਂ ਦੀ,
ਹੋ ਗਏ ਲਹੂ ਵਿੱਚ ਲਹੂ ਲੁਹਾਨ ਏਥੇ !
ਜ਼ਾਲਮ ਜਨਮ ਕਸਾਈਆਂ ਨੇ ਹਿੰਦੀਆਂ ਨੂੰ,
ਵਾਂਗ ਬੱਕਰੇ ਕੀਤਾ ਕੁਰਬਾਨ ਏਥੇ !
ਕਿਧਰੇ ਤੜਫਦੇ ਤੇ ਕਿਤੇ ਸੈਹਕਦੇ ਸਨ,
ਕਿਧਰੇ ਵਿਲਕਦੇ ਸਨ, ਨੀਮ ਜਾਨ ਏਥੇ !

ਜ਼ਖਮੀ ਪਾਣੀ ਬਿਨ ਮਛੀਆਂ ਵਾਂਗ ਤੜਫੇ,
ਨਾਲੇ ਖੂਨ ਦੇ ਹੋਏ ਰਵਾਨ ਏਥੇ।
ਇਕੋ ਰੂਪ ਅੰਦਰ ਡਿੱਠਾ ਸਾਰਿਆਂ ਨੇ,
ਓਹ 'ਰਹੀਮ' 'ਕਰਤਾਰ' 'ਭਗਵਾਨ' ਏਥੇ।
ਹੋਏ 'ਜ਼ਮਜ਼ਮ' ਤੇ 'ਗੰਗਾ' ਇਕ ਥਾਂ 'ਕਠੇ,
ਰਲਿਆ ਖੂਨ ਹਿੰਦੂ ਮੁਸਲਮਾਨ ਏਥੇ।
ਵਰਹੇ ਪਿਛੋਂ ਸ਼ਹੀਦਾਂ ਦਾ ਸੋਗ ਲੈਕੇ,
ਰੋਵਨ ਆਂਵਦਾ ਨਿਤ ਅਸਮਾਨ ਏਥੇ।
ਰੜਕਨ ਤੀਰ 'ਪੰਜਾਬ' ਦੇ ਜਿਗਰ ਅੰਦ੍ਰ,
ਮਾਰੇ ਜ਼ੁਲਮ ਦੇ ਪਾਪੀਆਂ ਬਾਨ ਏਥੇ।
ਹੋ ਗਏ ਕਈਆਂ ਭਰਾਵਾਂ ਦੇ 'ਲੱਕ ਦੋਹਰੇ',
ਕੀਤੀ ਜ਼ਾਲਮਾਂ ਜੇਹੀ ਕਮਾਨ ਏਥੇ।
ਭੈਣਾਂ ਘਰੀਂ ਉਡੀਕ ਦੇ ਵਿਚ ਰਹੀਆਂ,
ਹੋ ਗਏ 'ਚੰਦ' ਜੇਹੇ ਵੀਰ ਵੈਰਾਨ ਏਥੇ।
ਰੋਂਦੀ ਰਹੂਗੀ ਉਹਨਾਂ ਦੀ ਮੜ੍ਹੀ ਤੁਰਬਤ,
ਮਰ ਗਏ ਜਿਨਹਾਂ ਦੇ ਕੰਤ ਜਵਾਨ ਏਥੇ।
ਨ ਉਹ ਮੋਇਆਂ, ਨ ਜੀਂਵਦਿਆਂ ਵਿਚ ਰਹਿ ਗਏ,
ਮਰ ਗਏ ਜਿਨਹਾਂ ਦੇ ਪੁਤ ਬਲਵਾਨ ਏਥੇ।
ਕਈ ਪਿਉ ਮਹਿਟ੍ਰ ਜਦ, ਆਂਵਦੇ ਨੇ,
ਨਿਮੂ ਝਾਨ ਹੈਰਾਨ ਹੋ ਜਾਨ ਏਥੇ।
ਪਰਲੋ ਤੀਕ ਪਏ ਦਿਸਨਗੇ ਦਾਗ ਲਗੇ,
ਲਾਂਭੇ ਆਂਭੇ ਸਨ, ਜੇਹੜੇ ਮਕਾਨ ਏਥੇ।
ਵੱਜਨ ਗੋਲੀਆਂ ਸੀਨੇ ਦੇ ਵਿੱਚ ਸਾਨੂੰ,

ਜਦੋਂ ਵੇਖੀਏ ਲਗੇ ਨਸ਼ਾਨ ਏਥੇ !
ਆਖਰ ਤੀਕ ਨ ਜਾਣਗੇ, ਕਦੀ ਸੀਤੇ,
ਜੇਹੜੇ ਚਾਕ ਹੋ ਗਏ ਗ੍ਰੀਬਾਨ ਏਥੇ !
ਚਾੜ੍ਹੇ' ਜ਼ੁਲਮ ਦੇ ਕਟਕ ਸਨਚੜ੍ਹਦਿਆਂ ਤੇ,
ਕੀਤੇ "ਲੈਂਹਦੜਾਂ" ਕੈਹਿਰ ਤੋਫਾਨ ਏਥੇ !
ਐਸਾ ਜ਼ੁਲਮ ਨ ਕਿਨੇ ਕਦੀ ਕੀਤਾ,
ਅਗੇ ਹੋਏ ਲਖਾਂ ਹੁਕਮਰਾਨ ਏਥੇ !
ਵੇਖੀ 'ਗੁਰੂ ਦੀ ਨਗਰੀ' ਨ ਪਾਪੀਆਂ ਨੇ,
ਅੰਨੇ, ਹੋਏ ਸਨ ਜੇਹੇ ਨਾਦਾਨ ਏਥੇ !
ਕੋਲ 'ਤਖਤ ਅਕਾਲ' ਬਰਾਜਦਾ ਏ,
ਇਹ ਵੀ ਕੀਤਾ ਨ ਜ਼ਾਲਮਾਂ ਧਿਆਨ ਏਥੇ !
ਅੱਜ ਇਹ ਉਹਨਾਂ ਨੂੰ ਕੈਹਣ ਸ਼ਹੀਦ ਰੋ ਰੋ,
'ਲਾਲਾ' 'ਖਾਲਸਾ' ਤੇ ਬੈਠੇ 'ਖਾਨ'ਏਥੇ !
ਕੇਹੜੇ ਜੁਗ ਵਿਚ ਲਾਹੋਗੇ ਸਿਰਾਂ ਉਤੋਂ,
ਜੇਹੜੇ 'ਡਾਇਰ' ਨੇ ਚਾੜ੍ਹੇ ਐਸਾਨ ਏਥੇ !
ਪਾਕ ਖੂਨ ਸ਼ਹੀਦਾਂ ਦਾ ਡੁਲ੍ਹਿਆ ਏ,
ਆਵੇ ਅਦਬ ਦੇ ਨਾਲ ਇਨਸਾਨ ਏਥੇ !
ਘਟੇ ਮਿਟੀ ਅੰਦਰ 'ਸ਼ਰਫ' ਰਲੀ ਹੋਈ ਏ,
ਸਾਡੇ ਸਾਰੇ ਪੰਜਾਬ ਦੀ ਸ਼ਾਨ ਏਥੇ !

# ਅਕਾਲੀ ਦਾ ਹੋਕਾ

—o—

## ਕਾਰ ਸੇਵਾ ਦੇ ਸਮਾਗਮ

### ਤੇ "ਕਵੀ ਦਰਬਾਰ (ਜਲਿਆਂ ਵਾਲਾ ਬਾਗ) ਅਮਰਤਸਰ ਦੀ ਇਨਾਮੀ ਕਵਿਤਾ।

### (ਜੂਨ ੧੯੨੩)

—o—

ਝਗੜੇ 'ਰਾਮ ਰਹੀਮ' ਦੇ ਪਾ ਪਾਕੇ,
ਕਾਹਨੂੰ 'ਭਾਰਤ' ਨੂੰ ਦੁੱਖ ਅਜ਼ਾਰ ਦੇਈਏ।
ਜੇਹੜਾ 'ਮੰਦ੍ਰ', 'ਮਸੀਤ' ਦਾ ਰਾਹ ਪੁਛੇ,
ਦੱਸ ਓਸਨੂੰ ੧ ਓੰਕਾਰ ਦੇਈਏ।
ਉਹਦੇ ਨਾਮ ਦੀ ਯਾਦ ਜੇ ਹੋਵੇ ਕਰਨੀ,
ਸੱਚੇ ਗੁਰੂ ਉਤੇ ਨੀਤ ਧਾਰ ਦੇਈਏ।
ਲਈਏ ਪੌਹਲ, ਮਰਦਾਨੇ ਦੇ ਰੰਗ ਐਸਾ,
'ਜਨਮ' 'ਕਾਲ' ਸਭ ਅਪਨਾ ਤਾਰ ਦੇਈਏ।
'ਸਚਾ ਸੌਦਾ ਨ੍ਰੈਰਾਜ ਦਾ ਜੇਹਾ ਕਰੀਏ,

ਵੇਚ ਅਪਨਾ ਕੁਲ ਘਰ ਬਾਰ ਦੇਈਏ !
'ਨਾੜਾਂ', ਤਨ, ਤੰਬੂਰ ਦੀਆਂ ਹੋਣ ਤਾਰਾਂ,
ਲੱਗੀ ਅਗ ਤੇ ਛੇੜ 'ਮਲਹਾਰ' ਦੇਈਏ !
'ਰਾਖਸ਼ਸ' ਜੇਹੜੀ ਗਵਰਨਮੈਂਟ ਹੋਵੇ,
ਓਹਨੂੰ 'ਕੌੜੇ' ਦੇ ਵਾਂਗ ਸਵਾਰ ਦੇਈਏ !
'ਟੋਕੇ' ਵਾਂਗ, ਬਣੀਏ, ਕੋਈ ਨਾ ਚੀਜ਼ ਟੋਕੇ,
ਮੁਢੋਂ ਵੱਢ ਸਾਰਾ ਅਤਿਆਚਾਰ ਦੇਈਏ !
ਜੇਕਰ ਕਰੇ ਸਰਕਾਰ 'ਜ਼ਬਾਨ ਬੰਦੀ',
ਸਾਫ ਸਾਫ ਇਹ ਓਨੂੰ ਲਲਕਾਰ ਦੇਈਏ !
'ਗੀਤਾ', 'ਗੂੰਗੇ' ਨੂੰ, ਜਿਨ੍ਹਾਂ ਪੜ੍ਹਵਾ ਦਿਤੀ,
ਕੀਕਰ ਉਨ੍ਹਾਂ ਦਾ ਸ਼ਾਨ ਵਸਾਰ ਦੇਈਏ !
'ਜਪੁਜੀ', 'ਚੂਖੀਆਂ' ਤੇਚੜ੍ਹਕ 'ਜਪਨਵਾਲੇ',
ਕੀਕਰ 'ਜੀਭਾਂ' ਨੂੰ ਜੰਦਰੇ ਮਾਰ ਦੇਈਏ !
'ਸ਼ਾਂਤਮਈ' ਦੇ ਪਰਨ ਨੂੰ ਯਾਦ ਕਰਕੇ,
ਆਪ 'ਕਾਤਲ' ਦੇ ਹਥੀਂ ਤਲਵਾਰ ਦੇਈਏ !
'ਰੇਤਾਂ ਤਤੀਆਂ', ਸਿਰਾਂ ਤੇ ਪੈਣ ਭਾਵੇਂ,
ਪਰ ਨ ਪ੍ਰੈਲੀਆਂ 'ਰੀਤਾਂ' ਨੂੰ ਹਾਰ ਦੇਈਏ !
ਬੇੜਾ 'ਕੌਮ ਦਾਫਸ ਗਿਆ' ਗਾਹਨ ਅੰਦਰ,
ਕਢ ਰੇਤ ਬ੍ਰੇਤਿਉਂ ਪਾਰ ਦੇਈਏ !
'ਬਾਂ ਇਟਾਂ' ਦੀ ਆਪ ਭੀ ਚੁਣੇ ਜਾਈਏ,
ਪਰ 'ਇਤਫਾਕ' ਦੀ ਕੰਧ ਉਸਾਰ ਦੇਈਏ !
'ਬੈਂਤ', 'ਮਾਰਸ਼ਲ-ਲਾ', ਦੇ ਯਾਦ ਕਰਕੇ,
ਫਾਹੇ ਚਰਗਾਂ ਤੋਂ ਨਾਲੇ ਉਤਾਰ ਦੇਈਏ !

ਰੰਗ 'ਸੂਰਜ' ਦਾ ਸਰ੍ਹੋਂ ਦੇ ਫੁਲ ਹੋਵੇ,
ਕਰ 'ਚਨ' ਸਾਰਾ ਦਾਗਦਾਰ ਦੇਈਏ !
ਵੱਜਨਖੂੰਡੀਆਂ,ਖਿਦੂ ਦੇ ਵਾਂਗ ਜਿਉਂ,ਜਿਉਂ,
ਤਿਉਂ ਤਿਉਂ,ਕਰ ਹੁਣਤੇਜ਼ ਰਫਤਾਰਦੇਈਏ!
ਟੋਨੇ ਖਾ ਖਾ, 'ਦਾਈ' ਤੇ ਪਹੁੰਚ ਜਾਈਏ,
ਹਿੰਮਤ ਹਾਰ ਨਾ 'ਰੌੜ੍ਹ' ਵਿਚਕਾਰ ਦੇਈਏ !
ਜੇਕਰ ਸੋਗ ਗੁਲਾਮੀ ਦਾ ਹੋਵੇ ਕਰਨਾ,
'ਬਾਨੇ ਦੋਹੀ ਤੇ ਕਾਲੇ' ਸੰਗਾਚ ਦੇਈਏ !
ਨਾਲੇ, 'ਕਫਨ', ਰਖ ਆਪਣੇ ਮੋਢਿਆ ਤੇ,
ਹੋਕਾ ਸ਼ਹਿਰ ਇਹ ਗਲੀ ਬਾਜ਼ਾਰ ਦੇਈਏ !
ਹਿੱਕ ਨਾਲ ਕ੍ਰਿਪਾਨਾਂ ਨੂੰ ਰਖਦੇ ਭੀ,
ਆਉ, ਸੀਸ ਸਵਰਾਜ ਤੋਂ ਵਾਰ ਦੇਈਏ !
'ਸੰਗਤ' ਗੈਰਾਂ ਦੇ ਪੈਰ ਤੇ ਡਿਗੀ ਹੋਈ ਏ,
ਰਲਕੇ ਆਪਣੀ ਪੈਰੀਂ ਖਲਾਰ ਦੇਈਏ !
ਸਾਨੂੰ 'ਊਠ' ਵਾਂਗੂੰ ਉਨਾਂ ਸਮਝਿਆ ਹੈ,
ਪਏ ਜਿਨਾਂ ਦੇ ਹਥੀਂ ਮੁਹਾਰ ਦੇਈਏ !
ਰਲਕੇਬੁਲਬੁਲਾਂ'ਕਾਲੀਆਂ'ਗਾਲਿਆ ਹੁਣ,
ਨਵੇਂ ਬਾਗ ਵਿਚ ਲਿਆ ਬਹਾਰ ਦੇਈਏ !
ਕਲੀਆਂ, ਫੁਲ ਸਭ ਚਾਂਗਰਾਂ ਮਾਰ ਉਠਨ,
'ਨਾਮਿਲਵਰਤਨ'ਵਾਲੀਐਸੀਖਾਰ ਦੇਈਏ !
ਮੰਗੇ 'ਅੰਤਰਾ' ਕੋਈ ਜੇ ਆਨ ਸਾਥੋਂ,
ਉਹਦੇ ਕੰਨੀ ਇਹ ਗਲ ਗੁਜ਼ਾਰ ਦੇਈਏ !
ਅਸੀਂ ਸੇਵਕ ਹਾਂ, 'ਗੁਰੂ ਦੇ ਬਾਗ' ਵਾਲੇ,

ਜੇਹੜੇ ਦੁਧ ਤੇ ਪਾਣੀ ਨਤਾਰ ਦੇਈਏ !
ਅਖਰ ਪੰਜ 'ਇਤਫਾਕ', 'ਸਵੈਰਾਜ' ਦੇ ਨੇ,
ਪਾ 'ਪੰਜਾਬ' ਦੇ ਵਿਚ ਪੁਕਾਰ ਦੇਈਏ !
'ਕਕੇ ਪੰਜ', ਤੇ 'ਪਿਆਰੇ' ਨੇ 'ਪੰਜ ਸਾਡੇ',
'ਜਾਰਜ ਪੰਜਮ' ਤੇ ਖੋਲ ਇਸਰਾਰ ਦੇਈਏ !
ਹੋਣ 'ਤੇਤੀ ਕ੍ਰੋੜ' ਆਜ਼ਾਦ ਹਿੰਦੀ,
ਪੈਰ ਜੇਲ੍ਹਾਂ ਵਿਚ ਐਸੇ ਪਸਾਰ ਦੇਈਏ !
'ਬੰਦੀ ਛੋੜ', ਦੀ ਐਸ ਕਲਜੁਗ ਅੰਦਰ,
ਮੁੜਕੇ ਕਰਜਿੰਦਾ ਯਾਦਗਾਰ ਦੇਈਏ !
ਆਕੇ 'ਅੱਗ' ਨੂੰ 'ਚੌਂਕਾ' ਜੋ ਮਲ ਬੈਠੀ,
ਘਰੋਂ ਕਢ ਛੱਨਾਲ ਉਹ ਨਾਰ ਦੇਈਏ !
'ਸ਼ਰਫ' ਅੰਮ੍ਰਿਤ 'ਸਵੈਰਾਜ' ਦੇ ਮਾਰ ਛਟੇ,
ਨਿਤ ਸੜਦੀਆਂ ਹਿਕਾਂ ਨੂੰ ਠਾਰ ਦੇਈਏ !

—o—

# "ਸ਼ਹੀਦ" ਨਨਕਾਣਾ ਸਾਹਿਬ

"ਅਕਾਲੀ ਤੇ ਪ੍ਰਦੇਸੀ" ਦੇ ਸ਼ਹੀਦੀ ਨੰਬਰ
ਵਿਚ ਛੱਪੀ ॥
( ਫਰਵਰੀ ੧੯੨੪ )

—o—

ਖੂੰਨ ਫੁਟਿਆ ਕਨਿਹਾਂ ਬੇਦੋਸਿਆਂ ਦਾ,
ਥਾਂ ਫੁੱਲਾਂ ਦੀ ਅੱਜ ਅਨਾਰ ਵਿਚੋਂ
ਫਿੱਟੀ ੨ ਹੈ, ਗੈਂਦੇ ਦਾ ਜਿਗਰ ਹੋਇਆ,
ਕੇਹੜੇ ਚੁਨੇ ਗਏ ਫੁੱਲ ਗੁਲਜ਼ਾਰ ਵਿਚੋਂ !
ਕੇਹੜੇ ਭੱਠੇ ਦੇ ਲੰਬੂ ਅੱਜ ਯਾਦ ਆ ਗਏ,
ਨਿੱਕਲਨ ਲੱਗੀਏ ਅੱਗ ਕੱਚਨਾਰ ਵਿਚੋਂ !
ਬ੍ਰਿਛਾਂ ਬੂਟਿਆਂ ਕਨਿਹਾਂ ਦੇ ਸੋਗ ਅੰਦਰ,
ਪੱਤ੍ਰ ਤੋੜੇ ਨੇ ਹਾਰ ਸ਼ਿੰਗਾਰ ਵਿਚੋਂ !
ਫੁੱਲ ਲਾਲਾ ਦੇ ਕਿਨ੍ਹਾਂ ਦੀ ਯਾਦ ਅੰਦਰ,
ਸੀਨਾ ਕੱਢ ਬੈਠੇ ਦਾਗ਼ਦਾਰ ਵਿਚੋਂ !

ਜਿਨ੍ਹਾਂ ਲਾਲਾਂ ਦਾ ਲਾਯਾ ਵਿਯੋਗ ਦਿਲ ਨੂੰ,
ਦੱਸੋ ਸਰ੍ਹੋ ਨੇ ਐਸ ਸੰਸਾਰ ਵਿਚੋਂ !
ਸਾਲੂ, ਸਾਵਿਆਂ, ਪੱਤਾਂ ਦਾ ਦੂਰ ਕਰਕੇ,
ਮੁੱਖ ਕੱਢਿਆ ਪੀਲਾ ਵਸਾਰ ਵਿਚੋਂ !
ਕੂੰਜਾਂ ਵਾਂਗ ਅੱਜ ਨੈਨ ਵਰਲਾਪ ਕਰਦੇ,
ਕੇਹੜੇ ਵਿੱਛੜ ਗਏ ਹੰਸ ਅੱਜ ਡਾਰ ਵਿਚੋਂ !
ਕਨ੍ਹਿਹਾਂ ਅੰਮ੍ਰਿਤ ਦੀ ਸ਼ਕਤੀ ਵਿੱਖਾ ਦਿੱਤੀ,
ਡੁਲ੍ਹੇ ਨੂਰ ਕ੍ਰਿਪਾਨ ਦੀ ਧਾਰ ਵਿਚੋਂ !
ਜਿਨ੍ਹਾਂ ਕੇਸਾਂ ਦੀ ਵਾਸ਼ਨਾਂ ਖਿਲਰੀ ਏ,
ਵੇਖਣ ਨਿਕਲਿਆ ਮੁਸ਼ਕ ਤਾਤਾਰ ਵਿਚੋਂ !

—o—

ਕੇਹੜੇ ਮੋਤੀ ਨਾਯਾਬ ਗਵਾਚ ਗਏ ਨੇ,
ਚਾਲੀ ਲੱਖ ਦੇ ਕੀਮਤੀ ਹਾਰ ਵਿਚੋਂ !
ਅੰਬਰ ਅੱਜ ਕੱਲ ਜਿਹਨਾਂ ਦੀ ਯਾਦ ਅੰਦਰ,
ਮੋਤੀ ਪਿਆ ਵਰਸਾਏ ਫੋਹਾਰ ਵਿਚੋਂ !
ਛੜੀ ਹੋਈ ਸਤਾਰ ਹੈ ਝਿਮਨੀਆਂ ਦੀ,
ਕੱਢਣ ਪੁਤਲੀਆਂ ਰਾਗ ਹਜ਼ਾਰ ਵਿਚੋਂ !
'ਹੰਝੂ' ਵਾਂਗ ਅੰਗਿਆਰੀਆਂ ਡਿਗਦੇ ਨੇ,
ਨਿਕਲੇ ਦੀਪਕ ਦੀ ਲੈ 'ਮਲਹਾਰ' ਵਿਚੋਂ !
ਕਿਨਹਾਂ 'ਸੂਰਿਆਂ' ਪੂਰਿਆਂ ਸੀਸ ਦਿਤੇ,
ਖੁੰਡੀ ਜ਼ੁਲਮ ਦੀ ਹੋਈ ਤਲਵਾਰ ਵਿਚੋਂ !
ਕਿਨਹਾਂ ਕੱਢਿਆ "ਚੰਦ" ਕੁਰਬਾਨੀਆਂ ਦਾ,

ਰਾਤ ਜ਼ੁਲਮ ਵਾਲੀ ਧੁੰਦੂਕਾਰ ਵਿਚੋਂ !
ਨਾਮ ਬੁਗਤਿਆਂ, ਮੁਕਤਿਆਂ ਪਾਏ ਕਨਿਹਾਂ,
ਧਰਮ ਨੇਮ ਦੇ ਉੜਦ ਬਾਜ਼ਾਰ ਵਿਚੋਂ !
ਕਾਹਨੂੰ 'ਤੂਰ' ਵਿਚਾਰੇ ਨੂੰ ਸਾੜਨਾ ਏ,
'ਅੱਗ' ਮੰਗਕੇ ਖਾਸ ਦਰਬਾਰ ਵਿਚੋਂ !

—o—

'ਹਜ਼ਰਤ ਮੂਸਾ' ਨਨਕਾਣੇ ਵਿੱਚ ਆਨ ਵੇਖੀਂ,
ਸ਼ੋਲੇ ਨੂਰ ਦੇ ਨਿਕਲਦੇ ਨਾਰ ਵਿਚੋਂ !
ਜਿਗਰ ਕਾਲਜੇ ਫੂਕਦੀ ਧੂਕਦੀ ਇਕ,
ਨਿਕਲੀ ਕੂਕ ਇਹ ਐਸ ਪਰਕਾਰ ਵਿਚੋਂ !

**ਇਹਅੱਜ ਉਹਨਾਂਦੀ ਬਰਸੀ ਤੇ ਫੂਲ ਬਰਸਨ,**
**ਜੇਹੜੇ ਪੰਥ ਉਤੋਂ ਜਾਨ ਵਾਰ ਗਏ ਨੇ !**
**ਨੈਂ ਲੰਘ ਗਏ ਆਪ ਸ਼ਹੀਦੀਆਂ ਦੀ,**
**ਸਾਨੂੰ ਕੰਢੇ ਤੇ"ਸ਼ਰਫ" ਖਿਲਾਰ ਗਏ ਨੇ !**

ਚੰਗਾ ਭਤਰਾਮ ਦਿੱਤਾ ਇਹ ਗੋਲਿਆ ਈ !
ਹੁਣ ਵੀ ਆਖਨਾਏਂ, ਅਸਾਂ ਚਰੋਕਨੇ ਦਾ,
ਤੇਰੀ ਜਾਨ ਜਵਾਨਾ ਨੂੰ ਰੋਲਿਆ ਈ !
ਹੁਣ ਨਹੀਂ ਫੱਟਾਂ ਨੂੰ ਮਰਹਮ ਦੀ ਲੋੜ ਕੋਈ,
ਅਸਾਂ ਅੱਕਕੇ ਅਕੱਹੁਨ ਚੋਲਿਆ ਈ !
ਗੀਤ ਦੁਖਾਂਦੇ ਚੱਕੀ ਪ੍ਰੇਮ ਦੀ ਏ,

ਪੀਨ੍ਹ ਗਿੱਲੀ ਮੱਕਈ ਦਾ ਝੋਲਿਆ ਈ !
ਤੇਰੇ ਦਾ ਨੇ ਦਾਨੇ ਵੀ ਸਾੜ ਦਿਤੇ,
ਹੁਣ ਤੂੰ ਭੱਜਨਾ ਵੇਖੀਂ ਭੋੜਲਿਆ ਈ !
ਤੇਰੀ ਖੇਡ ਦੇ ਦਿਨ ਹੁਨ ਮੁਕ ਗਏ ਨੇ,
ਸੱੜਨਾਂ ਗੁੱਡੀਆਂ ਸਣੇ ਪਟੋਲਿਆ ਈ !
ਅੰਤ ਲੋਟਨ ਕਬੂਤਰ ਦੇ ਵਾਂਗ ਇਕ ਦਿਨ,
ਭੁੰਜੇ ਡਿਗਨਾ ਉੱਡਨ ਖਟੋਲਿਆ ਈ !
ਇਕੋ ਦਮ ਵਿੱਚ ਕਰਾਂਗੇ ਅਸੀ ਕਾਲਾ,
ਮੂੰਹ ਨੂੰ ਲਾਲ ਕੀਤਾ ਜੇਹੜਾ ਕੋਲਿਆ ਈ !
ਸਿਰ ਚੜ੍ਹ ਖੂਨ ਸ਼ਹੀਦਾਂ ਦਾ ਬੋਲਨਾਂ ਏਂ,
ਕੀ ਹੋਇਆ ਜੇ ਪੱਲੇ ਨੂੰ ਧੋਲਿਆ ਈ !
ਬਣਕੇ ਸੇਹ ਦਾ ਤੱਕਲਾ ਪਾਪੀਆ ਵੇ,
ਸਾਡੀ ਜਾਨ ਤੇ ਜਿਗਰ ਪਰੋਲਿਆ ਈ !
ਹੋਕੇ ਖੇਤ ਵੀ ਹਰੇ ਹੁਣ ਖੇਤ ਕਰਨ,
ਅਸਾਂ ਨੈਣਾਂ ਦੀ ਜੋਗ ਨੂੰ ਜੋਲਿਆ ਈ !
'ਸ਼ਰਫ' ਜੇਹਾਂ ਦੇ ਸੰਘ ਤੂੰ ਘੁਟਨਾਂ ਏ,
ਤੇਰਾ ਕਾਲ ਹੁਣ ਸਮਝ ਲੈ ਬੋਲਿਆ ਈ !

# ਸਰਕਾਰ ਦੀ ਨੇਕੀ !

## ਲਾਇਲਪੁਰ "ਕਵੀ ਦਰਬਾਰ" ਦੀ ਇਨਾਮੀ ਕਵਿਤਾ !

( ਫਰਵਰੀ ੧੯੨੪ )

—o—

ਸਾਡੇ ਦੇਸ ਆਨਕੇ ਤੂੰ ਨੇਜ਼ਾ ਬਰਛੀ ਤਾਨਕੇ ਤੂੰ,
ਕੀਤੀ ਮੁਲਕ ਕੌਮ ਦੀ ਤਬਾਹੀ ਅੱਜ ਤੀਕ ਏ !
ਅਸੀਂ ਹੀ ਸਾਂ ਹਿੰਦ ਵਾਲੇ ਵੇਖ ੨ ਮੱਕਰ ਚਾਲੇ,
ਨਾਲ ਤੇਰੇ ਜਿਨਹਾਂ ਨੇ ਨਭਾਈ ਅੱਜ ਤੀਕ ਏ !
ਸਿਆਣੇ ਤੇ ਅਯਾਨੇ ਰੁੰਨੇ, ਦਾਣਿਆਂ ਵਾਂਗੂ ਲੋਕੀ ਭੁੰਨੇ,
ਤਾਈ ਜ਼ੁਲਮ ਪਾਪ ਤੂੰ ਕੜਾਹੀ ਅੱਜ ਤੀਕ ਏ !
ਜਿਥੇ ਤੈਨੂੰ ਬਨੀ ਭਾਰੀ ਅਸੀਂ ਜਾਕੇ ਜਾਨ ਵਾਰੀ,
ਇੱਕ ਤੇਰੀ ਥਾਂ ਉਤੇ ਡਾਹੀ ਅੱਜ ਤੀਕ ਏ !
ਜਦੋਂ ਤੈਨੂੰ ਵਜੇ ਖੱਲੇ ਅਸਾਂ ਤੈਨੂੰ ਗੱਲੇ ਘਲੇ,
ਦਿੱਤੀ ਮੂਹੋਂ ਕੱਢਕੇ ਗਰਾਹੀ ਅੱਜ ਤੀਕ ਏ !
ਵਕਰਿਓਂ ਤੂੰ ਯਾਰ ਪੂਰਾ ਸਾਡੇ ਗਲ ਪਇਓਂ ਭੂਰਾ,
ਕਦੋਂ ਸਾਡੀ ਬੇਹਤ੍ਰੀ ਤੂੰ ਚਾਹੀ ਅੱਜ ਤੀਕ ਏ !

ਜੇਭੜੀ ੨ ਤੁਸਾਂ ਭਾਜੀ ਸਿਰ ਸਾਡੇ ਚਾਹੜੀ ਭਾ ਜੀ,
ਅਸਾਂ ਕਿਥੋਂ ਮਾੜਿਆਂ ਨੇ ਲਾਹੀ ਅੱਜ ਤੀਕ ਏ !
ਪਤੇ ਦੇਈਏ ਤੈਨੂੰ ਪੂਰੇ ਜਾਨੀਂ ਸਾਨੂੰ ਉਹੀ ਸੂਰੇ,
ਮੂਹੋਂ ਗੱਲ ਕੱਢੀ ਤੇ ਵਿਆਹੀ ਅੱਜ ਤੀਕ ਏ !
ਗੁਰੂ ਵਾਲੇ ਬਾਗ ਵਾਲੀ ਕਲੀ ੨ ਡਾਲੀ ੨,
ਪੱਤਾ ੨. ਦੇਵੰਦਾ ਗਵਾਹੀ ਅੱਜ ਤੀਕ ਏ !
ਤੂੰ ਤੇ ਕਿਤੇ ਥਲਵੀ ਨਹੀਂ 'ਸ਼ਰਫ' ਸਾਨੂੰ ਭੁੱਲਨੀ ਨਹੀਂ,
ਕੀਤੀ ਸਾਡੇ ਸਿੱਰਾਂ ਤੇ ਜੋ ਸ਼ਾਹੀ ਅੱਜ ਤੀਕ ਏ !

—o—

## ਗੁਰੂ ਕਾ ਬਾਗ

ਗੁਰੂ ਕੇ ਬਾਗ ਦੇ ਮੋਰਚੇ ਦੇ ਦਿਨੀਂ "ਕਵੀ ਦਰਬਾਰ" (ਚੋਮਾਲ੍ਹਾ ਸਾਹਿਬ) ਲਾਹੌਰ ਵਿਖੇ ਪੜ੍ਹੀ ਗਈ, ਪੈਹਲੇ ਨੰਬਰ ਦਾ ਇਨਾਮ ਮਿਲਿਆ। ਇਨਾਮ ਤੋਂ ਵੱਖ ੧੫) ਸੰਗਤ ਵਲੋਂ ਭੇਟਾ ਹੋਈ ॥

—o—

ਜਿਗਰ ਕਲਮ ਦਾ ਪਾਟ ਦੋ ਫਾੜ ਹੋਇਆ,
ਜਦੋਂ ਲਿਖਣ ਲੱਗਾ ਦਾਸਤਾਨ ਸਿੰਘਾਂ।
ਰੰਗ ਕਾਗਜ਼ ਦਾ ਗੋਹੜੇ ਦੇ ਵਾਂਗ ਹੋਇਆ,
ਐਸਾ ਕੀਤਾ ਏ ਦੰਗ ਹੈਰਾਨ ਸਿੰਘਾਂ।
ਸੋਗ ਵਿੱਚ ਦੁਵਾਤ ਸਿਆਹ ਹੋ ਗਈ,
ਲਾਏ ਮਾਤਮੀ ਬਾਨੇ ਜਿਉਂ ਜਾਨ ਸਿੰਘਾਂ।
ਚਾਰ ਕੂਟ ਦੇ ਵਿੱਚ ਪੁਕਾਰ ਪੈ ਗਈ,
ਲਾਜ ਰੱਖ ਵਖਾਈ ਬਲਵਾਨ ਸਿੰਘਾਂ।
ਤਿਉਂ ੨ ਸੂਰਮੇ ਹੋਏ ਕਮਾਨ ਵਾਂਗੂ,
ਜਿਉਂ ੨ ਜ਼ੁਲਮ ਦੇ ਖਾਦੇ ਨੇ ਬਾਨ ਸਿੰਘਾਂ।
ਹੱਸ ਹੱਸ ਕੇ ਹੋਏ ਕੁਰਬਾਨ ਸਦਕੇ,
ਰੱਖੀ ਧਰਮ ਦੀ ਇੱਜ਼ਤ ਤੇ ਸ਼ਾਨ ਸਿੰਘਾਂ।

—o—

"ਬੀਟੀ" ਸੀਟੀ ਵਜਾਕੇ ਜ਼ੁਲਮ ਵਲੀ,
ਪੁਲਸ ਰਸਤਿਆਂ ਵਿੱਚ ਖਲਹਾਰ ਦੇਨੀ।
ਪੁਲਸ ਰੋਕਨਾਂ, ਜਾਂਦੇ ਅਕਾਲੀਆਂ ਨੂੰ,
ਗਾਲ ਇੱਕ ਇੱਕ ਸਾਹੇ ਹਜ਼ਾਰ ਦੇਨੀ।
ਠੁਡ ਮਾਰਨਾਂ ਹੇਠੋਂ ਤੇ, ਹੁੱਜ ਉਤੋਂ,
ਧੱਕੇ ਮਾਰਕੇ ਪੱਗ ਉਤਾਰ ਦੇਨੀ।
ਬੈਠੇ ਹੋਏ ਨੂੰ ਮਾਰਨੀ ਡਾਂਗ ਨਾਲੇ,
ਲੋਟ ਪੋਟ ਕਰ ਹੋਸ਼ ਵਸਾਰ ਦੇਨੀ।
ਸ਼ਾਂਤਮਈ ਦੇ ਪਰਨ ਨੂੰ ਯਾਦ ਕਰਕੇ,

ਐਪਰ ਖੋਲੀ ਨ ਮੂਲ ਜ਼ਬਾਨ ਸਿੰਘੋ।
ਹੱਸ ਹੱਸਕੇ ਹੋਏ ਕੁਰਬਾਨ ਸਦਕੇ,
ਰੱਖੀ ਧਰਮ ਦੀ ਇੱਜ਼ਤ ਤੇ ਸ਼ਾਨ ਸਿੰਘਾਂ।

—o—

ਆਉਨੀ ਹੋਸ਼, ਤੇ ਬੈਠਨਾ, ਉਠ ਤੁਰਨਾ,
ਡਾਂਗ ਮਾਰ ਦੋ ਹੱਦੜੀ ਸੁਟਦੇ ਸਨ।
ਨਾਜ਼ਕ ਬਦਨ ਘਸੀਟਦੇ ਵਿੱਚ ਸੜਕਾਂ,
ਮਾਰਨ ਗੁੱਝੀਆਂ ਤੇ ਗੱਲ ਨੂੰ ਘੁਟਦੇ ਸਨ।
ਸੁੱਟ ਭੋਂ ਤੇ ਕੁਟਦੇ ਭੋਹ ਵਾਂਗੂੰ,
ਕੇਸ ਨਾਲ ਹੁਜਕਿਆਂ ਪੁਟਦੇ ਸਨ।
ਇੱਕ ਇੱਕ ਵਾਲ ਦੇ ਮੁੱਲ ਦਾ ਨਹੀਂ ਯੂਰਪ,
ਜੇਹੜੇ ਵਾਲ ਕੇਸਾਂ ਵਿੱਚ ਟੁੱਟਦੇ ਸਨ।
ਐਪਰ ਮਥੇ ਤੇ ਵਟ ਨ ਜਰਾ ਪਾਇਆ,
ਪ੍ਰਿਥੀਪਾਲ ਜਹੇ ਨੌ ਜਵਾਨ ਸਿੰਘਾਂ।
ਹੱਸ ਹੱਸਕੇ ਹੋਏ ਕੁਰਬਾਨ ਸਦਕੇ,
ਰੱਖੀ ਧਰਮ ਦੀ ਇਜ਼ਤ ਤੇ ਆਨ ਸਿੰਘਾਂ।

—o—

ਸੀਨਾ ਡਾਹਕੇ ਧਰਮੀਆਂ ਮਾਰ ਖਾਨੀ,
ਕਰਨੀ ਸੀ ਨਾਹ ਜੇਹਾ ਖਾਮੋਸ਼ ਹੋਨਾ।
ਇਕ ਦਰ ਕੌਮ ਫਰੋਸ਼ਾਂ ਦਾ ਹੋਣਾ ਟੋਲਾ,
ਇਕ ਧਿਰ ਇਕ ਧਰਮੀ, ਸਿਰਫਰੋਸ਼ ਹੋਨਾ।

"ਸਤਿਸ੍ਰੀਅਕਾਲ" ਦੇ ਬੋਲ ਨਾਹਰੇ,
ਮਾਤ ਖਾਂਦਿਆਂ ਅੰਤ ਬੇਹੋਸ਼ ਹੋਨਾ।
ਕੰਘਾ, ਕੜਾ, ਕ੍ਰਿਪਾਨ ਤੇ ਕੇਸ, "ਕਛ" ਨੂੰ,
ਉੱਠਕੇ ਵੇਖ ਲੈਨਾ ਜਦੋਂ ਹੋਸ਼ ਹੋਨਾ।
ਵਿੱਚ ਜੱਗ ਦੇ ਨਵੇ ਸਿਰ ਜ਼ਾਹਿਰ ਕੀਤੀ,
"ਗੁਰੂਅਰਜਨ" ਮਹਾਰਾਜਦੀ ਸ਼ਾਨ ਸਿੰਘਾਂ।
ਹੱਸ ਹੱਸਕੇ ਹੋਏ ਕੁਰਬਾਨ ਸਦਕੇ,
ਰਖੀ ਧਰਮ ਦੀ ਇਜ਼ਤ ਤੇ ਆਨ ਸਿੰਘਾਂ।

—o—

ਬਾਂਹਵਾਂ ਭੰਨੀਆਂ ਪਾਜੀਆਂ ਸੀਸ ਨਾਲੇ,
ਅੱਧ ਮੋਇਆਂ ਨੂੰ ਲੱਖ ਅਜ਼ਾਰ ਦਿੱਤੇ।
ਲੱਤਾਂ ਮਾਰੀਆਂ, ਢਿਡ ਵਿੱਚ ਫਟੜਾਂ ਦੇ,
ਨਾਲੇ ਹੱਥਾਂ, ਤੇ ਪੈਰਾਂ ਦੇ ਭਾਰ ਦਿੱਤੇ।
ਡੋਬ, ਪਾ, ਪਾ, ਛਪੜ ਦੇ ਗੋਤਿਆਂ ਥੀਂ,
ਡੋਬੇ ਵਾਂਗ ਲੀੜੇ, ਬਾਰ ਬਾਰ ਦਿੱਤੇ।
ਚਿੱਕੜ ਤੁਨਿਆਂ ਮੂੰਹ ਵਿੱਚ, ਕੇਸ ਰੋਲੇ,
ਧੋ ਧੋ ਕੇ "ਸਿੰਘ ਦੇ ਮਾਰ" ਦਿੱਤੇ।
ਐ ਪਰ "ਵਾਹਿਗੁਰੂ" "ਵਾਹਿਗੁਰੂ" ਰਹੇ ਕਰਦੇ,
ਕੀਤਾ ਓਸਦਾ ਭਾਨਾ ਪ੍ਰਵਾਨ ਸਿੰਘਾਂ।
ਹੱਸ ਹੱਸਕੇ ਹੋਏ ਕੁਰਬਾਨ ਸਦਕੇ,
ਰੱਖੀ ਧਰਮ ਦੀ ਇੱਜ਼ਤ ਤੇ ਆਨ ਸਿੰਘਾਂ।

—o—

ਬੈਠੇ ਗੁਰੂ ਦੇ ਰਾਹ ਵਿੱਚ 'ਜੇਹੇ ਅੜਕੇ,
ਉਠੇ ਜਦੋਂ ਤੇ ਬਨਕੇ ਗੁਬਾਰ ਉਠੇ।
ਭਾਵੇਂ ਖਖੜੀ ਖੱਖੜੀ ਸੀਸ ਹੋਇਆ,
ਵੇਖਣ ਲਈ ਨ ਹੱਥ ਇੱਕ ਵਾਰ ਉਠੇ।
ਆਖਨ ਉਂਗਲਾਂ ਮੂੰਹ ਵਿਚ ਪਾ ਦੁਸ਼ਮਨ,
ਬੜੇ ਹੌਂਸਲੇ ਵਾਲੇ ਸਰਦਾਰ ਉਠੇ।
ਕਿਹਾ 'ਧੰਨ' 'ਧੰਨ, ਸਿੱਖਾਂ ਨੂੰ ਹਿੰਦੂਆਂ ਨੇ,
'ਲੱਖ ਮਰਹਬਾ" ਮੁਸਲਮ ਪੁਕਾਰ ਉਠੇ।
ਜੀਹਦੇ ਕੋਲੋਂ 'ਮਹਾਤਮਾ' ਕੰਬਦਾ ਸੀ,
ਉਹ ਅੱਜ ਪਾਸ ਕੀਤਾ ਇਮਤਿਹਾਨ ਸਿੰਘਾਂ।
ਹੱਸ ਹੱਸਕੇ ਹੋਏ ਕੁਰਬਾਨ ਸਦਕੇ,
ਰੱਖੀ ਧਰਮ ਦੀ ਇੱਜ਼ਤ ਤੇ ਆਨ ਸਿੰਘਾਂ।
ਰੱਸੀ ਜ਼ੁਲਮ ਦੀ ਜਦੋਂ ਦਰਾਜ਼ ਹੋਗਈ,
ਜ਼ਾਲਮ ਜ਼ੁਲਮ ਸਨ ਬੋਹਤ ਕਮਾਣ ਲੱਗੇ!
"ਕਫਨ", ਸੀਸ ਤੇ ਸੀਸ ਧਰ ਤਲੀ ਉਤੇ,
"ਬਾਗ ਗੁਰੂ" ਦੇ ਖਾਲਸੇ ਜਾਣ ਲੱਗੇ!
ਏਧਰਸੁਰਗਵਿੱਚ "ਗੁਰੂ ਗੋਬਿੰਦ ਸਿੰਘ" ਜੀ,
ਹਾਲ ਵੇਖਕੇ ਹੋਣ ਹੈਰਾਨ ਲੱਗੇ!
"ਰੂਹ" ਜਾ "ਸ਼ਹੀਦਾਂ" ਦੇ ਗੁਰੂ ਅਗੇ,
"ਖੂਨੀ ਦਾਸਤਾਨ" ਨਾਲੇ ਸੁਨਾਣ ਲੱਗੇ!
"ਸੱਚੇ ਪਾਤਸ਼ਾਹ" "ਪਾਕ ਹਕਕ ਬਦਲੇ",
"ਵੇਖੋ, ਕਿ[illegible] ਘਾਨ ਸਿੰਘਾਂ!
ਹੱਸ, ਹੱਸ ਕੇ ਹੋਏ ਕੁਰਬਾਨ ਸਦਕੇ,

NATIONAL LIBRARY
No. 1976
Date 1.2.77
GOVT OF INDIA

ਰੱਖੀ ਧਰਮ ਦੀ ਇੱਜਤ ਤੇ ਆਨ ਸਿੰਘਾ ।

—○ੰ੦ੰ○—

"ਬਾਗ" "ਗੁਰੂਦਾ", ਮਾਲਕ ਹੈਸਭ ਸੰਗਤਾਂ,
ਐਪਰ-'ਕੱਲੇ ਮਹੰਤ ਨੇ ਘੁੱਟਿਆ ਏ !
ਕੁਝ ਉਰਾਰ ਦੇ ਚੋਰ ਏ ਪੈਣ ਸਾਨੂੰ,
ਬਹੁਤਾ ਪਾਰ ਦੇ ਡਾਕੂਆਂ ਲੁਟਿਆ ਏ !
"ਕਲਗੀਵਾਲਿਆ" "ਗੁਰੂ ਦੇ ਬਾਗਵਿਚੋਂ",
"ਬੂਟਾ ਬੋਹਰ" ਦਾ ਅਸਾਂ ਤੇ ਪੁਟਿਆ ਏ !
ਚਿੜਕੇ ਚੋਰ ਤੇ, ਡਾਕੂਆਂ ਜ਼ਾਲਮਾ ਨੇ,
ਵੇਖੋ ਸਾਹਦਾਂ ਨੂੰ ਮਾਰਿਆ ਕੁਟਿਆ ਏ !
ਕਰਦੇ "ਫਿਰਨ ਸੁਧਾਰ ਗੁਰਦੁਆਰਿਆਂ ਦਾ,
ਕੀਤਾ ਹੋਰ ਨਹੀਂ ਕੋਈ ਨੁਕਸਾਨ ਸਿੰਘਾਂ !
ਹੱਸ ਹੱਸ ਕੇ ਹੋਏ ਕੁਰਬਾਨ ਸਦਕੇ,
ਰਖੀ ਧਰਮ ਦੀ ਇੱਜਤ ਤੇ ਆਨ ਸਿੰਘਾਂ !

—ੰ੦ੰ—

ਰਸਦ ਬੰਦ ਕਰ ਸਾਡੀਆਂ "ਦੇਵੀਆਂ" ਨੂੰ,
ਰੰਗ ਰੰਗ ਦਾ ਓਹਨਾ ਨੇ ਤੰਗ ਕੀਤਾ !
ਜਿਨਹਾਂ ਲਈ ਸਮੁੰਦ੍ਰੋਂ ਪਾਰ ਜਾਕੇ,
ਅਸਾਂ ਗੈਰਾਂ ਦੇ ਨਾਲ ਸੀ ਜੰਗ ਕੀਤਾ !
ਜ਼ਖਮੀ ਕੀਤਾ ਨਿਹੱਤਿਆਂ, ਆਜਜ਼ਾਂ ਨੂੰ,
ਨਾਲੇ ਕੈਦ ਅਨਗਿਣਤ ਨਿਹੰਗ ਕੀਤਾ !

ਚੁਲੀਆਂ ਦੁਧ ਪਿਆਇਆ ਸੀ ਜਿਨਾ ਤਾਂਈ,
ਓਹਨਾ ਮਾਹਿਆ ਤੰਗ ਨਾ ਅੰਗ ਕੀਤਾ !
ਸੀਸ ਮਥੇ ਤੇ ਮਨਿਆਂ ਸ਼ੁਕਰ ਕਰਕੇ,
ਔਖ ਸੌਖ ਦਾ ਸਭ ਫੁਰਮਾਂਣ ਸਿੰਘਾਂ !
ਹੱਸ ਹੱਸ ਕੇ ਹੋਏ ਕੁਰਬਾਨ ਸਦਕੇ,
ਰਖੀ ਧਰਮ ਦੀ ਇਜ਼ਤ ਤੇ ਸ਼ਾਨ ਸਿੰਘਾ !

—:o:—

ਸੁਨਕੇ ਗੁਰੂ ਜੀ ਜੋਸ਼ ਦੇ ਵਿਚ ਆ ਗਏ,
ਤ੍ਰੈਲੋਕੀ ਦੇ ਵਿਚ ਆਵਾਜ਼ ਕਰਦੇ !
ਆਖਣ "ਬਾਜ਼" ਪਿਆਰੇ ਨੂੰ ਜਾ ਛੇਤੀ,
ਜਾਕੇ ਜ਼ਾਲਮਾਂ ਨੂੰ ਜ਼ੁਲਮੋਂ ਬਾਜ਼ ਕਰ ਦੇ !
ਥੋੜੇ ਅਰਸੇ ਤਕ ਅਸੀ ਹਾਂ ਆਨ ਵਾਲੇ,
ਸਾਡੇ ਸਿੰਘਾਂ ਤੇ ਜ਼ਾਹਰ ਇਹ'ਰਾਜ਼'ਕਰ ਦੇ !
ਹੁਣ ਇਹ ਖਾਲਸਾ ਕਰੇਗਾ ਰਾਜ ਧਰਮੀ,
ਇਸ ਸ਼ਬਦ ਦਾ ਜਾਹਰ ਅੰਦਾਜ਼ ਕਰ ਦੇ !
ਹੋਵੇ ਖੁਸ਼ੀ ਪ੍ਰੇਮੀਆਂ ਸੂਰਿਆਂ ਤੇ,
ਸਾਡਾ ਰਖਿਆ ਮਾਨ ਤੇ ਤਾਨ ਸਿੰਘਾਂ !
ਹੱਸ ਹੱਸ ਕੇ ਸੋਏ ਕੁਰਬਾਨ ਸਦਕੇ,
ਰਖੀ ਧਰਮ ਦੀ ਇਜ਼ਤ ਤੇ ਸ਼ਾਨ ਸਿੰਘਾਂ !

—:o:—

"ਸ਼ਾਂਤਮਈ ਯੁਧ" ਵਿੱਚ ਹੋਣ ਦਾਖਲ,

ਸਾਰੇ ਸਿੰਘ ਇਹ ਪੰਜ ਹਥਿਆਰ ਲਾਕੇ !
ਧਰਮ ਤੇਗ, ਤੇ ਖੰਡਾ ਸਚਾਈ ਵਾਲਾ,
ਢਾਲ ਸਤਿਆਗ੍ਰਹਿ ਅਸਵਾਰ ਲਾਕੇ !
ਧਨਖ ਬੇਨਤੀ ਦਾ 'ਬਾਣ' ਆਹ ਵਾਲੇ,
ਹਿਕ ਨਾਲ ਰਖਨ ਜਥੇਦਾਰ ਲਾਕੇ !
ਜਿਤ ਜਾਨ ਗੇ, ਰਣ ਜੋ ਲਗੇ ਖੇਡਨੇ,
ਸੀਸ ਧੜ ਦੀ ਬਾਜੀ ਸ੍ਰਦਾਰ ਲਾਕੇ !
ਗਲ ਗਿਆ,ਪਰ ਗੱਲ ਨਹੀਂ ਜਾਨ ਦਿੱਤੀ,
ਬਦਲੇ ਦੀਨ ਦੇ ਦਿਤੇ ਪਰਾਣ ਸਿੰਘਾਂ !
ਹੱਸ ਹੱਸ ਕੇ ਹੋਏ ਕੁਰਬਾਨ ਸਦਕੇ,
ਰਖੀ ਧਰਮ ਦੀ ਇਜ਼ਤ ਤੇ ਆਨ ਸਿੰਘਾਂ !

'ਬਾਜ਼' ਗੁਰੂ ਦਾ ਇਹ ਪੈਗਾਮ ਲੈਕੇ,
ਉਡ 'ਤਖਤ ਅਕਾਲ' ਵਿੱਚ ਆ ਬੈਠਾ !
ਉਥੋਂ ਉਡਕੇ 'ਗੁਰੂ ਦੇ ਬਾਗ' ਆਇਆ,
ਰਿਹਾ ਉਡਦਾ, ਨ, ਕਿਸੇ ਜਾ ਬੈਠਾ !
ਅਖਾਂ ਸਾਮਨੇ ਗੁਰੂ ਦੇ 'ਸਿੰਘ' ਕੁਸੱਨ,
ਵੇਖ, ਵੇਖ, ਕੇ ਹੋਸ਼ ਗਵਾ ਬੈਠਾ !
ਜ਼ੁਲਮ, ਧਰਮ ਦੇ ਜੰਗ ਨੂੰ ਜਾਚਕੇ ਤੇ,
ਜਿਥੋਂ ਆਇਆ ਸੀ, ਉਥੇ ਹੀ ਜਾ ਬੈਠਾ !
'ਸਤਿ ਸ੍ਰੀ ਅਕਾਲ' ਦੇ ਜੈਕਾਰੇ,
ਲਾ ਲਾ ਮਾਰਿਆ 'ਸ਼ਰਫ' ਮੈਦਾਨ ਸਿੰਘਾਂ !

ਹੱਸ, ਹੱਸ, ਕੇ ਹੋਏ ਕੁਰਬਾਨ ਸਦਕੇ,
ਰਖੀ ਧਰਮ ਦੀ ਇਜ਼ਤ ਤੇ ਆਨ ਸਿੰਘਾਂ !

—o—

# ਜਲ੍ਹਿਆਂ ਵਾਲਾ ਬਾਗ (ਅ)

ਕਾਰ ਸੇਵਾ ਦੇ ਸਮਾਗਮ ਤੇ
["ਕਵੀ ਦਰਬਾਰ" [ਜਲ੍ਹਿਆਂ ਵਾਲੇ ਬਾਗ]
ਜੂਨ ੧੯੨੩ ਨੂੰ ਪੜ੍ਹੀ ਗਈ,
ਅਤੇ ਪੈਹਲੇ ਨੰਬਰ ਤੇ ਰਹੀ]

—o—

ਲਿਖਾਂ ਕੀ, ਮੈਂ ਕਲਮ ਨਾ ਲਿਖਦੀ ਏ,
ਜੋ ਜੋ ਜ਼ੁਲਮ ਦਾ ਹੋਇਆ ਸਾਮਾਨ ਏਥੇ !
ਮਲਕੁਲਮੌਤ ਦਾ ਰੂਹ ਵੀ ਕੰਬਦਾ ਏ,
ਕਰਦਾ ਜਦੋਂ ਵੀ ਕਦੀ ਧਿਆਨ ਏਥੇ !
ਮਿਸਲ ਕਣਕ ਦੇ ਸੀਨੇ ਵਿਚ ਫੱਟ ਹੋਇਆ,
ਵਾਂਗ ਜਵਾਂ ਦੇ ਭੁਜੇ ਇਨਸਾਨ ਏਥੇ !
ਸ਼ਰਬਤ ਅਜਲਦਾ ਪੀ ਗਏ, ਸਮਝ ਅੰਮ੍ਰਿਤ,

ਖਾ ਖਾ ਗੋਲੀਆਂ ਮੋਏ ਜਵਾਂਨ ਏਥੇ !
ਜਦੋਂ ਤੀਕ ਹੈ ਇਹ ਜ਼ਮੀਨ, ਅੰਦਰ,
ਕਹਿੰਦਾ ਰਹੇਗਾ ਇਹ ਅਸਮਾਨ ਏਥੇ !
'ਭਾਰਤ ਮਾਤਾ' ਦੇ ਸਚੇ ਸਪੂਤ ਪਿਆਰੇ,
ਕੌਮ ਵਾਸਤੇ ਹੋ ਗਏ ਕੁਰਬਾਨ ਏਥੇ !

—o—

'ਨੌਨਿਹਾਲ' ਕਈ ਜੜ੍ਹਾਂ ਤੋਂ ਪੁਟ ਸੁਟੇ,
'ਕੇਹੀਆਂ ਸਖਤ ਅੰਧੇਰੀਆਂ ਛੁਟੀਆਂ ਸਨ !
ਇਹ ਉਹ'ਬਾਗ'ਏ,ਜੀਹਦੇਵਿਚ 'ਹਾਏ''ਰ',
ਮਦਨਮੋਹਨਕੇਹੀਆਕਲੀਆਂਟੁਟੀਆਂ ਸਨ !
'ਰਤਨ ਦਈ' ਨੇ ਲਾਲ 'ਨੌਰਤਨ' ਬਦਲੇ,
ਬੈਹਕੇ ਰਾਤ ਭਰ ਮੀਢੀਆਂ ਪੁਟੀਆਂ ਸਨ !
ਕਈਆਂ 'ਨਥਾਂ'ਦੇ'ਲਾਲ' ਗਵਾਚ ਗਏ ਸਨ,
ਗਈਆਂ ਕਈ 'ਸੁਹਾਗਨਾ' ਲੁਟੀਆਂ ਸਨ !
'ਨਾਮ ਲੇਵਾ' ਨਾ ਕਈਆਂ ਦਾ ਰਿਹਾ ਕੋਈ,
ਹੋ ਗਏ ਔਤਰੇ ਕਈ ਖਾਨਦਾਂਨ ਏਥੇ !
'ਭਾਰਤ ਮਾਤਾ' ਦੇ ਸਚੇ ਸਪੂਤ ਪਿਆਰੇ,
ਕੌਮ ਵਾਸਤੇ ਹੋ ਗਏ ਕੁਰਬਾਨ ਏਥੇ !

—o—

ਨੌਕਰਸ਼ਾਹੀ ਨੇ ਪਾਇਆ ਹਨੇਰ ਐਸਾ,
ਐਥੇ ਕਈ 'ਖਾਨੇ' 'ਬੇਚਿਰਾਗ' ਹੋ ਗਏ !

ਵਾਂਗ ਬੁਲਬੁਲਾਂ ਦੇ ਕਰਨ ਵੈਨ ਮਾਪੇ,
ਕਈ 'ਫੁਲ' ਵੈਰਾਨ ਇਸ 'ਬਾਗ' ਹੋ ਗਏ।
ਇਥੇ 'ਚੰਦ' ਜਹੇ 'ਵੀਰ' ਕਈ ਗੁਮ ਹੋਏ,
'ਭੈਣਾਂ' ਪਿਟਦੀਆਂ ਦੇ ਸੀਨੇ ਦਾਗ ਹੋ ਗਏ।
ਕਈਆਂ ਨਾਰਾਂ ਨੇ ਖ਼ੂਨ ਦੀ ਝੜੀ ਲਾਈ,
ਨਾਲ ਟਕਰਾਂ ਪਾਸ਼ ਦਮਾਗ ਹੋ ਗਏ।
ਖੁਲੇ ਕੇਸ 'ਪਰਾਂਦੜਾ' ਹਥ ਫੜਿਆ,
ਆਵਨ 'ਡਾਇਰ' ਦੀ ਲੈਹਨ 'ਮਕਾਨ' ਏਥੇ।
'ਭਾਰਤ ਮਾਤਾ' ਦੇ ਸਚੇ ਸਪੂਤ ਪਿਆਰੇ,
ਕੌਮ ਵਾਸਤੇ ਹੋ ਗਏ ਕੁਰਬਾਨ ਏਥੇ।

---o---

ਇਹ ਅਜ ਰੂਹ 'ਸ਼ਹੀਦਾਂ' ਦੇ ਆਖਦੇ ਸਨ,
'ਡਾਇਰ' ਕੀਤੀਆਂ ਏਥੇ ਨਲੱਜੀਆਂ ਸਨ।
ਏਥੇ ਵਾਂਗ ਕਬੂਤਰਾਂ ਤੜਫਦੇ ਸਾਂ,
ਸਾਨੂੰ ਏਸ 'ਥਾਂ' ਗੋਲੀਆਂ ਵਜੀਆਂ ਸਨ।
'ਲੀਰਾਂਲੀਰਾਂ' ਸੀ ਹਸਤੀ ਦਾ ਹੋਇਆ ਜਾਮਾ,
ਲੜਫਾਂ ਲਥੀਆਂ, ਉਡੀਆਂ ਧਜੀਆਂ ਸਨ।
ਰੁਲਦੇ ਰਹੇ ਸਾਂ, ਰਾਤ ਭਰ 'ਕਫਨ' ਬਾਝੋਂ,
ਲਾਸ਼ਾਂ ਕਿਸੇ ਨਾ ਸਾਡੀਆਂ ਕਜੀਆਂ ਸਨ।
ਕਿਤੇ 'ਤਸਬੀਆਂ' ਕਿਤੇ 'ਜਨੇਊ' ਟੁਟੇ,
ਰੁਲੇ ਮਿੱਟੀ ਵਿਚ 'ਕੰਘੇ' ਕ੍ਰਿਪਾਨ ਏਥੇ।
'ਭਾਰਤ ਮਾਤਾ' ਦੇ ਸਚੇ ਸਪੂਤ ਪਿਆਰੇ,

ਕੌਮ ਵਾਸਤੇ ਹੋ ਗਏ ਕੁਰਬਾਨ ਏਥੇ।

—o—

ਸ਼ੇਹਰ ਵਿੱਚ ਉਹ ਫਿੱਡ ਦੇ ਭਾਰ ਚੱਲੇ,
ਅੱਗੇ ਕਿਸੇ ਦੇ ਜੇਹੜੇ ਨ ਝੁਕਦੇ ਸਨ।
ਕਿਤੇ ਗ਼ਜ਼ਬ! ਬੱਧੀ ਹੋਈ 'ਟਿੱਕ ਟਿੱਕੀ' ਸੀ,
ਤਾਜ਼ੀ ਆਨੇ ਪਏ ਕਈਆਂ ਨੂੰ ਠੁਕਦੇ ਸਨ।
ਲਾਹ ਲਾਹ ਕੇ ਘੁੰਡ ਜਨਾਨੀਆਂ ਦੇ,
ਕਿਤੇ 'ਮੂੰਹਾਂ' ਉਤੇ ਜ਼ਾਲਮ ਥੁਕਦੇ ਸਨ।
'ਗੁੰਚੇ' ਮੁਖ ਵਾਲੇ 'ਨੌਨਿਹਾਲ' ਕਿਧਰੇ,
ਵਾਂਙ ਦਾਨਿਆਂ ਦੇ ਧੁੱਪੇ ਸੁਕਦੇ ਸਨ।
'ਬੇੜੀ' ਵਾਂਗ ਪਿਆ 'ਅੰਬਰ' ਡੋਲਦਾ ਸੀ,
ਆਇਆ ਜ਼ੁਲਮ ਦਾ ਜੇਹਾ ਤੂਫਾਨ ਏਥੇ।
'ਭਾਰਤ ਮਾਤਾ' ਦੇ ਸੱਚੇ ਸਪੂਤ ਪਿਆਰੇ,
ਕੌਮ ਵਾਸਤੇ ਹੋ ਗਏ ਕੁਰਬਾਨ ਏਥੇ।

—o—

ਇਕਦਰ ਕਹਵੇ ਇਤਫਾਕ ਹੁਣ ਸ਼ਾਮ ਪੈ ਗਈ,
ਘਰ ਨੂੰ ਆਓ ਜੇ ਭੁਲੇ ਸਵੇਰ ਦੇ ਓ।
ਖ਼ਾਰ ਖ਼ਾ ਖਾ 'ਗਲਾਂ' ਨਿਕਾਰਿਆ ਤੋਂ,
ਕਿਓਂ ਪਏ ਰਾਹ ਵਿੱਚ ਕੰਡੇ ਖਿਲੇਰਦੇ ਓ।
ਐਵੇਂ ਸੂਤ ਦੀ ਛੱਲੀ ਉਘੇਰਦੇ ਹੋ,
ਐਂਵੇ ਮੱਕੀ ਦੀ ਛੱਲੀ ਉਟੇਰਦੇ ਓ।

ਪਾਣੀ ਪੀ ੨ ਇਕੋ ਗਲਾਸ ਅੰਦਰ,
ਕੀਤੇ ਕੱਤਰੇ ਤੇ ਪਾਣੀ ਫੇਰਦੇ ਓ!
ਰਖੋ ਉਹਦੀ ਤੇ 'ਆਬਰੂ' ਕੁਝ, ਜੇਹੜਾ,
ਰੁਲਿਆ ਖੂਨ ਹਿੰਦੂ ਮੁਸਲਮਾਨ ਏਥੇ!
'ਭਾਰਤ ਮਾਤਾ' ਦੇ ਸਚੇ ਸਪੂਤ ਪਿਯਾਰੇ,
ਕੌਮ ਵਾਸਤੇ ਹੋ ਗਏ ਕੁਰਬਾਨ ਏਥੇ!

—o—

'ਦੀਪਕ' ਵਿੱਚ ਸਵਰਾਜ ਇਹ ਸੁਰਾਂ ਲਾਵੇ,
ਕੋਲੇ ਹੋ ਕੇ ਮੈਂ ਸੜ ਬਲਕੇ ਤੇ!
ਦੁੱਧ ਵਾਂਗ ਉਬਾਲ ਹੋ ਗਿਆ ਠੰਡਾ,
ਲੀਡਰ ਜੇਹਲ ਅੰਦਰ ਘੱਲ ਘੱਲ ਕੇ ਤੇ!
ਚੰਗੀ 'ਸ਼ੌਕਤ' ਤੇ ਗਾਂਧੀ ਦੀ 'ਲਾਜ' ਰੱਖੀ,
ਬੈਹ ਗਏ ਮੰਦਰ ਮਸੀਤਾਂ ਹੁਣ ਮੱਲਕੇ ਤੇ!
ਚੰਗੀ ਤਰਾਂ ਪੰਜਾਬ ਨੂੰ ਦਾਗ ਲਾਇਆ,
ਕਾਲਖ ਝੱਗੜਿਆਂ ਦੀ ਮੂੰਹ ਤੇ ਮਲਕੇ ਤੇ!
ਲਾ ਲਾ 'ਤਿਲਕ' 'ਮੇਹਰਾਬ' ਕੀ ਦੱਸਦੇ ਹੋ,
ਲੱਥੀ ਹੋਈ ਏ ਇੱਜ਼ਤ ਤੇ ਆਨ ਏਥੇ!
'ਭਾਰਤ ਮਾਤਾ' ਦੇ ਸਚੇ ਸਪੂਤ ਪਿਯਾਰੇ,
ਕੌਮ ਵਾਸਤੇ ਹੋਏ ਕੁਰਬਾਨ ਏਥੇ!

—o—

ਇਕ ਦਰ 'ਮਾਦਰੇ ਹਿੰਦ' ਪੁਕਾਰਦੀ ਏ,

ਕਦੋਂ ਹੋਣਗੇ ਪੂਤ ਸਪੂਤ ਮੇਰੇ !
ਲੱਛੇ ਕਾਲੀਆਂ ਜ਼ੁਲਫਾਂ ਦੇ ਰੇਸ਼ਮੀ ਹੁਣ,
ਹੋ ਗਏ ਗਮ ਅੰਦਰ ਚਿੱਟਾ ਸੂਤ ਮੇਰੇ !
ਡਾਕੇ ਮਾਰ ਕੇ 'ਪਾਰ ਦੇ ਡਾਕੂਆਂ' ਨੇ,
ਲੁਟ ਖੜੇ ਨੇ 'ਲਾਲ ਯਾਕੂਤ' ਮੇਰੇ !
ਗੰਢੀ ਜਾਇਗੀ ਕਦੋਂ ਇਹ ਤੰਦ ਤਾਨੀ,
ਕਦੋਂ ਹੋਣਗੇ ਕਾਰਜ ਸਭ ਸੂਤ ਮੇਰੇ !
"ਸ਼ਰਫ" 'ਕਾਫ਼ਲੇ' ਵਾਲੇ ਤੇ ਕੂਚ ਕਰ ਗਏ,
ਬਾਕੀ ਛੱਡ ਗਏ ਨੇ ਦਾਸਤਾਨ ਏਥੇ !
'ਭਾਰਤ ਮਾਤਾ' ਦੇ ਸਚੇ ਸਪੂਤ ਪਿਯਾਰੇ,
ਕੌਮ ਵਾਸਤੇ ਹੋਏ ਕੁਰਬਾਨ ਏਥੇ !

—:o:—

## ਬਾਗੀ ਅਤੇ ਸ੍ਰਕਾਰ !

ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਬਾਗੀ ਕਰਾਰ ਦੇਣ ਪਿਛੋਂ 'ਕਵੀ ਦਰਬਾਰ' ਚੁਮਾਲਾ ਸਾਹਿਬ ਲਾਹੌਰ ਵਿਖੇ ਪੈਹਲੇ ਨੰਬਰ ਤੇ ਰਹੀ !

[ ਦਸੰਬਰ ੧੯੨੩ ]

ਰੋਕੇ ਬੁਲਬੁਲਾਂ ਆਖਿਆ ਰਾਖਿਆ ਵੇ,

ਤੇਰੇ ਜੀਉ ਦਾ ਭਰਮ ਵੀ ਖੁਲ੍ਹ ਜਾਵੇ !
ਸਾਡੇ ਦਿਲੀ ਵਰਲਾਪ ਦਾ ਭਲਾ ਕੇਵੇਂ,
ਬੰਦ ਹੋ ਇਹ ਸ਼ੋਰ ਤੇ ਗੁਲ ਜਾਵੇ !
ਚਮਕ 'ਮੋਤੀ' ਦੀ ਕਦੀ ਵੀ ਨਹੀਂ ਜਾਂਦੀ,
ਲੱਖ ਵਾਰ ਜੇ ਮਿਟੀ ਵਿਚ ਰੁਲ ਜਾਵੇ !
ਸਾਨੂੰ 'ਗੁਲਾਂ' ਦੇ ਪਿਆਰ ਤੋਂ ਟੋਕਨਾ ਏਂ,
ਤੇਰੀ ਹਸਤੀ ਦਾ ਦੀਵਾ ਹੋ 'ਗੁਲ' ਜਾਵੇ !
ਜਮ ਜਮ ਤੂੰ ਚਮ ਉਧੇੜ ਸਾਡਾ,
ਆਖੀਂ ਹੈਫ ਜੇ ਕਦਮ ਵੀ ਡੁਲ ਜਾਵੇ !
ਤੇਰਾ ਜ਼ੁਲਮ ਤੇ ਪਾਪੀਆ ਸਬਰ ਸਾਡਾ,
ਆ ਅਜ ਤਕੜੀ ਅਦਲ ਦੀ ਤੁਲ ਜਾਵੇ !

ਬਾਗੀ ਆਖਦਾ ਏਂ 'ਬਾਗ' ਦੇ ਮਾਲਕਾਂ ਨੂੰ,
ਆਪ ਜ਼ਾਲਮਾਂ ਬਾਗ ਉਜਾੜਨਾ ਏਂ !
'ਜੇਹੜੇ' ਗੁਰੂ ਦਸਮੇਸ਼ ਦੀ ਭੇਟ ਰਖੇ;
ਓਹਨਾਂ ਫੁਲਾਂ ਨੂੰ ਤੋੜਨਾ ਤਾੜਨਾ ਏਂ !
ਬਿਜਲੀ ਅੰਦਰੋਂ ਤੇਰੇ ਤੇ ਡਿਗਨੀ ਏਂ,
ਜੇਹੜੇ ਆਹਲਣੇ ਸਾਡੇ ਤੋਂ ਸਾੜਨਾ ਏਂ !
ਪਾ ਦੇ ਫੱਟਾਂ ਤੇ ਲੂਣ ਦੇ ਬੁਕ ਭਰ ਭਰ,
ਜ਼ਰਾ ਜ਼ਰਾ ਕੀ ਚੁਟਕੀਆਂ ਝਾੜਨਾ ਏਂ !
'ਅਖਾਂ ਸਾਡੀਆਂ ਕਢ ਤੂੰ ਲਈਂ ਬੇਸ਼ਕ,
ਜੇਕਰ 'ਅਬਰੂ' ਕੋਈ ਵੀ ਡੁਲ੍ਹ ਜਾਵੇ !

ਤੇਰਾ ਜ਼ੁਲਮ ਤੇ ਪਾਪੀਆਂ ਸਬਰ ਸਾਡਾ,
ਆ ਅਜ ਤਕੜੀ ਅਦਲ ਦੀ ਤੁਲ ਜਾਵੇ !

—o—

ਸੜੇ 'ਗੋਪੀਆ', ਟੁਟੇ 'ਗੁਲੇਲ' ਤੇਰੀ,
ਰਹੇ 'ਗੁਮਾਨ' ਨਾ ਤੈਨੂੰ ਕਮਾਨ ਦਾ ਵੇ !
ਭਜੇ ਡਿਗਕੇ ਰੁਖ ਤੋਂ ਬਾਂਹ ਤੇਰੀ,
ਫਾਹੀਆਂ ਜਾਲੀਆਂ ਰਹੇਂ ਨਾ ਤਾਨਦਾ ਵੇ !
ਅਗ ਲਗਕੇ ਉਡੇ ਸਵਾਹ ਤੇਰੀ,
ਥਾਂ 'ਝੁਗੀ' ਦੀ ਫਿਰੇਂ ਪਛਾਨਦਾ ਵੇ !
ਪਾਠ ਕਰਦਿਆਂ ਦੇ ਸੰਘ ਘੁਟਨਾਂ ਏਂ,
ਕਿਥੋਂ ਆਇਆ ਤੂੰ ਵੇਲਾ ਸ਼ੈਤਾਨ ਦਾ ਵੇ !
'ਗੀਤਾ' ਗੂੰਗੇ ਨੂੰ ਜਿਨ੍ਹਾਂ ਪੜਵਾ ਦਿਤੀ,
ਸਾਨੂੰ ਓਹਨਾਂ ਦੀ ਸ਼ਾਨ ਕਿਓਂ ਭੁਲ ਜਾਵੇ !
ਤੇਰਾ ਜ਼ੁਲਮ ਤੇ ਪਾਪੀਆ ਸਬਰ ਸਾਡਾ,
ਆ ਅਜ ਤਕੜੀ ਅਦਲ ਦੀ ਤੁਲ ਜਾਵੇ !

—o—

ਕੀ ਤੂੰ ਪਿੰਜਰੇ ਰੋਜ ਵਖਾਲਣਾ ਏਂ,
ਅਜ ਗਜਕੇ ਤੈਨੂੰ ਸੁਣਾ ਦੇਈਏ !
'ਬੰਦੀ ਛੋੜ ਪਿਆਰੇ' ਦਾ ਜੈਕਾਰਾ,
ਜੇਕਰ ਇਕ ਵੀ ਕਦੀ ਬੁਲਾ ਦੇਈਏ !
ਕਰੇਂ ਮਾਨ ਜਿਸ ਲੋਹੇ ਦੇ ਪਿੰਜਰੇ ਦਾ

ਉਹਨੂੰ ਮੋਮ ਦੇ ਵਾਂਗ ਵਗਾ ਦੇਈਏ।
'ਚਿਟੀ ਚਾਦਰ' ਗੁਰੂ ਅਰਜਨ ਮਹਾਰ ਜਦੀਤੇ,
ਪਰ ਕਿਉਂ ਦਾਗ ਬਦਨਾਮੀ ਦਾ ਲਾ ਦੇਈਏ!
ਅਸੀਂ ਬੁਲਬੁਲਾਂ 'ਗੁਰੂ ਦੇ ਬਾਗ ਦੀਆਂ,
ਵੇਖ 'ਫੁਲ' ਵੀ ਜਿਨ੍ਹਾਂ ਨੂੰ ਫੁਲ ਜਾਵੇ!
ਤੇਰਾ ਜੁਲਮ ਤੇ ਪਾਪੀਆ ਸਬਰ ਸਾਡਾ,
ਆ ਅਜ ਤਕੜੀ ਅਦਲ ਦੀ ਤੁਲ ਜਾਵੇ!

—o—

ਤੋਤੇ ਘੁੱਘੀਆਂ, ਆਪਸ ਵਿੱਚ ਲੜੇ ਜੇਹੜੇ,
ਇਹ ਸਭ ਤੇਰੀਆਂ ਹੀ ਮੇਹਰਬਾਨੀਆਂ ਨੇ।
ਗ਼ਰਕ ਜਾਨਆਂ ਵੇ ਇਕ ਦਿਨ ਵਖ ਲੈਂਗਾ,
ਨੀਵੇਂ ਆਵਨਾਂ ਨਿਵਾਨਾਂ ਦੇ ਪਾਨੀਆਂ ਨੇ।
ਮੁੱਢੋਂ 'ਤੌਕ' ਪ੍ਰੇਮ ਦੇ ਪਏ ਹੋਏ ਨੇ,
ਜੇਹੜੀਆਂ ਉਨ੍ਹਾਂ ਦੇ ਗਲਾਂ ਵਿੱਚ ਗਾਨੀਆਂ ਨੇ।
ਤੇਰੇ 'ਡਾਇਰ' ਦੀ ਅੰਤ ਮੁਕਾਨ ਲਾਹੁਨ,
ਬਨ੍ਹ ਸਨੌਲੇ ਇਹਨਾਂ ਹੀ ਢਾਨੀਆਂ ਨੇ।
ਭਾਵੇਂ ਕਲਿਆਂ ਵੇਖ ਡਬਕੌਣ ਲਗੋਂ,
ਤੇਰੀ ਇਹ ਵੀ ਕਰਤੂਤ ਅੱਜ ਘੁਲ ਜਾਵੇ।
ਤੇਰਾ ਜ਼ੁਲਮ ਤੇ ਪਾਪੀਆ ਸਬਰ ਸਾਡਾ,
ਆ ਅੱਜ ਤੱਕੜੀ ਅਦਲ ਦੀ ਤੁਲ ਜਾਵੇ।

—:(o):—

'ਮੱਖਣਟੋਸ'ਤੇਰੇ ਕਿਸ ਦਿਨ ਖੋਹਨ ਗਈਆਂ,
ਜੇਹੀ ਊਜ ਲਾ ਕਿਸੇ ਗਰੀਬ ਉਤੇ।
ਸਾਡੀ 'ਵੈਹਨੀ' ਦੇ 'ਰੋੜ' 'ਕੋਹਨੂਰ' ਬਨਦੇ,
ਬੜਾ ਮਾਨ ਹੈ ਸਨੂੰ ਨਸੀਬ ਉਤੇ।
'ਹਾਂ' ਪਰ ਉਸੇ ਤਰਾਂ ਹੀ ਜਾਨ ਵਾਰਨੀ ਏ,
ਅਸਾਂ ਆਪਨੇ ਧਰਮ ਜੀਬ ਉਤੇ।
ਜਿਵੇਂ ਅਪਨੇ ਦੀਨ ਤੇ ਈਨ ਬਦਲੇ,
'ਹਜ਼ਰਤ ਈਸਾ' ਸਨ ਚੜੇ 'ਸਲੀਬ' ਉਤੇ।
ਲੱਗਾ ਉੜਦ ਬਾਜਾਰ ਹੈ ਜਗ ਸਾਡਾ,
'ਨੇਕੀ' 'ਖੋਟੀ' ਦਾ ਵੱਟਿਆ 'ਮੁਲ' ਜਾਵੇ।
ਤੇਰਾ ਜ਼ੁਲਮ ਤੇ ਪਪੀਆ ਸਬਰ ਸਾਡਾ,
ਆ ਅੱਜ ਤੱਕੜੀ ਅਦਲ ਦੀ ਤੁਲ ਜਾਵੇ।

——:o:——

ਏਂਵੇ ਵਾਂਜਿਆ ਜਾਏਗਾ ਯਾਦ ਰਖੀਂ,
ਤੇਰੇ ਕੰਮ ਬੇ ਵੱਤਰ ਬੇ ਵੱਤਰੇ ਨੇ।
ਫੁਲਾਂ ਵਾਂਗ ਸਨ ਜਿਗਰ ਮਲੂਕ ਸਾਡੇ,
ਕਿਤੇ ਜ਼ੁਲਮ ਦੇ ਫੇਰ ਕਲਵੱਤਰੇ ਨੇ।
ਪਾਕੇ ਪਿੰਜਰੇ ਵਿੱਚ ਵੀ ਜਾਦੂਆ ਵੇ,
ਸਾਡੇ ਖੰਭ ਤੂੰ ਹਾਇ! ਹਾਇ!! ਕਤਰੇ ਨੇ।
'ਸੁਖ ਸਾਂਦ' ਵੀ ਡੱਕੀ ਪ੍ਰਦੇਸੀਆਂ ਦੀ,
ਨਾਲੇ ਬੰਦ ਕੀਤੇ ਪ੍ਰੇਮ ਪੁਤਰੇ ਨੇ।

ਬੇਸ਼ੱਕ ਸਾੜ ਕਸਤੂਰੀ ਦੇ ਵਾਂਗ ਸਾਨੂੰ,
ਸਾਰੇ ਜੱਗ ਅੰਦਰ ਮੁਸ਼ਕ ਹੁਲ ਜਾਵੇ। ਤੇਰਾ ਜ਼ੁਲਮ ਤੇ॥

—o—

ਅਸੀਂ ਹੱਥ ਤੇਰਾ ਡੱਕਨ ਜੋਗੀਆਂ ਨਹੀਂ,
ਚੁਗ ਲੈ 'ਫੁਲ' ਹੁਣ ਤੂੰ ਜੇਹੜੇ ਚੁਗਨੇ ਨੇ।
ਤੇਰੀ ਕਬਰ ਤੇ ਵੇਖੇਗਾ ਜਗ ਸਾਰਾ,
ਬੂਥੇ ਦੱਬ ਦੇ ਆਖਰ ਨੂੰ ਉਗਨੇ ਨੇ।
ਟੂਨੇ ੨ ਖਾ ੨ ਤੇਰੀਆਂ ਖੂੰਡੀਆਂ ਦੇ,
ਕਰਕੇ ਹੌਂਸਲੇ ਅਸਾਂ ਵੀ ਦੁਗਨੇ ਨੇ।
'ਖੇਨੂ' ਸਾਡਿਆਂ ਸਿਰਾਂ ਦੇ 'ਦਾਈ' ਉਤੇ,
'ਦੀਪ ਸਿੰਘ' ਵਾਂਗੂੰ ਅੰਤ ਪੁਗਨੇ ਨੇ।
ਫੁਲੋਂ 'ਬੁਲਬੁਲੇ' ਵਾਂਗ ਗਲ ਜਾਨਿਆ ਵੇ,
ਆਖਰ ਝੂਠ ਦਾ ਭੱਜ ਪੜੁਲ ਜਾਵੇ। ਤੇਰਾ ਜ਼ੁਲਮ ਤੇ॥

—:o:—

ਕੀ ਪਤਾ ਸੀ ਅੱਸਾਂ ਅਨਭੋਲ ਰਹਿਨਾਂ,
ਸਾਨੂੰ ਪਹਿਲੋਂ ਇਹ ਰਾਜ ਨਾ ਜਾਪਣਾ ਸੀ।
ਚਿੜੀਮਾਰਾਂ ਤੇ ਇਹਨਾਂ ਫੁਲੇਰਿਆਂ ਨੇ,
ਤੇ ਭਲਾ ਤੇਰਾ ਹੀ ਰਾਗ ਅਲਾਪਣਾ ਸੀ।
ਸ਼ੁਕਤੇ ਪਾਪੀਆਂ ਦੀ ਟੁਟ ਪੈਨਿਆਂ ਨੇ,

ਦਫਤ੍ਰ ਝੂਠੀ ਗਵਾਹੀ ਦਾ ਛਾਪਨਾਂ ਸੀ।
ਸਾਨੂੰ ਉਹਨੇ ਵੀ ਰੜੇ ਵਿੱਚ ਮਾਰਿਆ ਏ,
ਜੇਹੜੇ 'ਚਮਨ' ਨੂੰ ਸਮਝਿਆ ਅਪਨਾ ਸੀ।
ਸ਼ਾਂਤਮਈ ਦਾ ਪੱਲਾ ਪਰ ਛੱਡਨਾ ਨਹੀਂ
ਏਦੂੰ ਵੱਧ ਅੰਨ੍ਹੇਰੀ ਵੀ ਝੁੱਲ ਜਾਵੇ। ਤੇਰਾ ਜ਼ੁਲਮ ਤੇ:

—o—

ਚੌੜ ਚਾਨਣਾ ਕਿਥੋਂ ਮੈਂ ਕਰਨ ਜੋਗਾ,
ਜੇਹੜੀਆਂ ਲਗਾਏ ਕਰਨ ਬਦਜ਼ਾਤੀਆਂ ਵੇ।
ਸਾਡੇ ਵਿਚੋਂ ਈ ਮੂਰਖ 'ਟਟੈਹਨਿਆਂ ਨੇ,
ਸਭੇ ਲਾਈਆਂ ਇਹ 'ਅੱਗ ਚੁਵਾਤੀਆਂ' ਵੇ।
ਅਸਾਂ ਸੀਸ ਨਿਵਾਇ ਨੇ ਪੰਥ ਅਗੇ,
ਜੇ ਤੂੰ ਤੇਜ਼ ਅੱਜ ਕੀਤੀਆਂ ਕਾਤੀਆਂ ਵੇ।
ਛੇਤੀ ਕਰ, ਬੇਦਰਦੀਆ ਜ਼ਿਬ੍ਹਾ ਸਾਨੂੰ,
ਪਾਈਏ ਪ੍ਰੇਮ ਦੀ ਗਲੀ ਵਿੱਚ ਝਾਤੀਆਂ ਵੇ।
'ਸ਼ਰਫ' ਜੱਗ ਅੰਦ੍ਰ ਰਹਿ ਜਾਏ ਨਾਮ ਸਾਡਾ,
ਕੁਲ ਗੁਲ ਗੁਲ ਦੀ ਮੁੱਕ ਕੁਲ ਜਾਵੇ।
ਤੇਰਾ ਜ਼ੁਲਮ ਤੇ ਪਾਪੀਆ ਸਬਰ ਸਾਡਾ,
ਅਜ ਤੱਕੜੀ ਅਦਲ ਦੀ ਤੁਲ ਜਾਵੇ।

—o—

# ਜੇਲ੍ਹ

[ਇਨਾਮੀ ਕਵਿਤਾ ਜਲ੍ਹਿਆਂ ਵਾਲਾ ਬਾਗ ਵਿਚ ਪੜ੍ਹੀ ਗਈ]

(ਜੂਨ ੧੯੨੩)

## (ਇਹ ਹੇਠ ਲਿਖੀਆਂ ਤਿੰਨ ਕਵਿਤਾਂ ਪੜ੍ਹੀਆਂ ਗਈਆਂ ਸਨ, ਅਤੇ ਪੈਹਲੇ ਨੰਬਰ ਤੇ ਰਹੀਆਂ ਸਨ ਉਹ ਇਹ ਹਨ:—

(੧) "ਕਾਰ ਸੇਵਾ" (੨) "ਦੁਆਬੇ ਵਿਚ ਅਤਿਆਚਾਰ"
ਅਤੇ (੩) "ਸਿਖ ਲੀਗ"

"ਬੰਦੀ ਛੋੜ" ਵਾਂਗੂੰ ਪੈਕੇ ਜੇਲ੍ਹ ਅੰਦਰ,
ਅਸਾਂ ਆਤਮਾ ਦਾ ਚੋਲਾ ਰੰਗਣਾ ਏਂ।
ਓਦੋਂ ਤੀਕ ਨਹੀਂ '(ਅ)ਕਾਲੀਆਂ' ਫਤੇ ਪੌਣੀ,
'ਕਾਲਾ ਪਾਣੀ' ਨ ਜਦੋਂ ਤੀਕ ਲੰਘਣਾ ਏਂ।
ਅਸਾਂ ਭਾਰਤ ਦੇ ਸਾਰਿਆਂ "ਨੀਂਗਰਾਂ" ਨੂੰ
ਬਦੋ ਬਦੀ ਵੀ ਏਸ ਘਰ ਮੰਗਣਾ ਏਂ।
ਹਥੀਂ 'ਹੱਥਕੜੀਆਂ' ਪੈਰੀਂ 'ਬੇੜੀਆਂ' ਪਾ
ਏਹਨਾਂ ਜ਼ਾਲਮਾਂ ਨੇ ਸਾਨੂੰ ਟੰਗਣਾਂ ਏਂ।
'ਰੱਖ' ਹੌਂਸਲੇ ਪੈਰਾਂ ਵਿਚ 'ਰਖ' ਪਾਉਨੀ,
ਹਥੀਂ ਬੰਨਣਾ 'ਸਗਨਾਂ' ਦਾ ਕੰਗਣਾਂ ਏਂ।

ਦੇਨ ਟਿਕ ਵਿਕੀ ਉੱਤੇ ਵੀ ਟੰਗ ਭਾਵੇਂ,
ਜੇਕਰ ਜ਼ਾਲਮਾਂ ਨੇ ਸਾਨੂੰ ਟੰਗਣਾਂ ਏਂ !
'ਮਨੀ ਸਿੰਘ' ਮਨਸੂਰ ਦੇ ਅਸੀਂ ਚੇਲੇ,
'ਸੂਲਾਂ' ਕੋਲੋਂ ਵੀ ਅਸਾਂ ਨ ਸੰਗਣਾਂ ਏਂ !
ਮੌਤ ਸੱਪ ਦੀ ਮਰਨਗੇ ਉਹ ਆਖਰ,
ਸਾਨੂੰ ਸਿੱਖਾਂ ਜਿਨਹਾਂ ਨੇ ਡੰਗਣਾਂ ਏਂ !
ਆਉ ਮੈਦਾਨ 'ਸਵਰਾਜ' ਦੀ ਤੈਹ ਕਰੀਏ,
ਉਸੇ ਤਰਾਂ ਅਸੀਂ ਪੈਕੇ ਜੇਲ੍ਹ ਅੰਦਰ !
ਪੌਂਹਚ ਜਾਂਦਾ ਏ ਆਪਨੇ ਘਰ ਛੇਤੀ,
'ਸ਼ਰਫ' ਬੈਹਕੇ ਮੁਸਾਫਰ ਜਿਉਂ ਰੇਲ ਅੰਦਰ !

—ੜ-੦-ੜ—

## ਕਾਰ ਸੇਵਾ

[ਇਨਾਮੀ ਕਵਿਤਾ ਨੰਬਰ ੨]

ਹੋਇਆ ਹੁਕਮ ਇਹ ਸੰਗਤ ਨੂੰ ਗਾਰ ਕਢੋ,
ਜਦੋਂ ਸਾਗਰ 'ਤਾਲਾਬ' ਦਾ ਸੁਕਿਆ ਏ !
ਠਾਠਾਂ ਮਾਰਦਾ ਆਗਿਆ ਸਿੰਘ ਜਥਾ,
ਕਾਂਗ ਵਾਂਗ ਨ ਕਿਤੇ ਵੀ ਰੁਕਿਆ ਏ !
ਜਦੋਂ ਚੜ੍ਹਿਆ "ਜਲੂਸ ਅਕਾਲੀਆਂ" ਦਾ,
'ਸੂਰਜ ਕਾਲੀਆਂ' 'ਘਟਾਂ' ਵਿਚ ਲੁਕਿਆ ਏ !

ਪੰਜਾਂ ਪਿਆਰਿਆਂ' ਗੁਰੂ ਸਵਾਰਿਆਂ ਨੇ;
ਜਦੋਂ ਗਾਰ ਨੂੰ ਆਨਕੇ ਚੁਕਿਆ ਏ!
ਖੁਲ੍ਹਾ ਭੇਦ ਇਹ ਜਦ 'ਰਸਾਇਨ' ਅਗੇ,
ਸੋਨਾ, ਚਾਂਦੀ, ਵੀ ਆਨਕ ਝੁਕਿਆ ਏ!
ਐਸ 'ਅੰਮ੍ਰਿਤ' ਦੀ ਮਿੱਟੀ ਦਾ ਮੁੱਲ ਸਮਝੋ,
ਭਾ ਲਾਲਾਂ ਦੇ ਪਿਆਰਿਓਂ ਮੁਕਿਆ ਏ!
ਤਦੇ 'ਮੋਤੀਆਂ ਵਾਲੜੀ' ਟੋਕਰੀ ਵਿਚ,
ਘਿਪਾ' ਗਾਰ ਦਾ ਪੈ ਪੈ ਚੁਕਿਆ ਏ!
ਓਹ ਵੀ ਏਸ ਨੂ ਸਿਰਾਂ ਤੇ ਢੋਣ ਆਏ,
ਜਿਨਹਾਂ 'ਲਾਲਾਂ' ਤੇ ਕਦੀ ਨ ਥੁਕਿਆ ਏ!
ਵਾਂਗ 'ਅੱਕ' ਦੇ ਓਹਦੇ ਨਸੀਬ ਜਮਝੋ,
ਐਸ 'ਕਾਰ' ਵਲੋਂ ਜੇਹੜਾ ਉਕਿਆ ਏ!
ਵਡੇ ਵਡੇ ਬਜ਼ੁਰਗਾਂ ਤੇ ਰਿਸ਼ੀਆਂ ਨੇ,
ਕੀਤੀ ਆਨਕੇ ਐਸ 'ਦਰਬਾਰ' ਸੇਵਾ!
'ਸ਼ਰਫ' ਕੀਮਯਾ ਉਹਨਾਂ ਦੇ ਕਰਮ ਸਮਝੋ,
ਕੀਤੀ ਅੱਜ ਵੀ ਜਿਨਹਾਂ ਨੇ ਕਾਰ ਸੇਵਾ!

—:-o-:—

# ਦੁਆਬੇ ਵਿਚ ਅਤਿਆਚਾਰ

[ਇਨਾਮੀ ਕਵਿਤਾ ਨੰਬਰ ੨]

ਬਾਝ ਚੋਰ ਨ ਸਾਧਾਂ ਨੂੰ ਫੜੇ ਜੇਹੜੀ,
ਐਸੀ ਅੰਨ੍ਹੀ ਨਾ ਕੋਈ ਸਰਕਾਰ ਹੋਵੇ।
ਕੀ ਕੀ ਦਸੀਏ ਸੜ ਗਿਆ ਦਿਲ ਸਾਡਾ,
ਸਾਡੀ ਜਾਨ ਤੇ ਜ਼ੁਲਮ ਹਜ਼ਾਰ ਹੋਵੇ।
ਕਦੀ 'ਜਲ੍ਹਿਆਂ ਵਾਲੇ' ਵਿਚ ਗੋਲੀਆਂ ਦੀ,
'ਚਾਂਦਮਾਰੀ' ਪਈ ਸਾਡੇ ਤੇ ਯਾਰ ਹੋਵੇ।
ਕਦੀ ਵਿਚ 'ਨਨਕਾਣੇ ਸ਼ਹੀਦੀਆਂ' ਦਾ,
ਸਾਡੇ ਵਾਸਤੇ ਗਰਮ ਬਾਜ਼ਾਰ ਹੋਵੇ।
ਕਦੀ 'ਕੁੰਜੀਆਂ' ਖੋਹਕੇ ਫੜਨ ਜ਼ਾਲਮ,
ਬੰਦ 'ਤਖਤ ਅਕਾਲ' ਦਰਬਾਰ ਹੋਵੇ।
ਕਦੀ 'ਗੁਰੂ-ਕੇ-ਬਾਗ' ਵਿਚ ਸੰਗਤਾਂ ਨੂੰ,
'ਡਾਂਗਾਂ' ਸੋਟਿਆਂ ਦੀ ਪਈ ਮਾਰ ਹੋਵੇ।
ਕਦੀ ਵਿੱਚ 'ਦੋਆਬੇ' ਦੇ ਹਾਏ! ਹਾਏ, !!
ਤੇ ਬੇਦੋਸਿਆਂ ਤੇ ਅਤਿਆਚਾਰ ਹੋਵੇ।
'ਚਾਦਰ' ਸਾਡੇ ਸਵਰਾਜ ਤੇ ਰਾਜ ਵਾਲੀ,
ਅਜਕਲ ਇਸਤਰਾਂ ਪਈ ਤਾਰ ਤਾਰ ਹੋਵੇ।
ਇਕ ਪਾਸਿਉਂ 'ਸੀਊਂ' ਕੇ ਹਟਦੇ ਨਹੀਂ,

ਦੂਜੇ ਪਾਸਿਓਂ ਫ਼ੌਰਨ 'ਲੰਗਾਰ' ਹੋਵੇ!
ਧੋਖੇ 'ਰਾਖਿਆਂ' ਦੇ ਦੇਕੇ 'ਜ਼ਾਲਮਾਂ ਨੇ!
ਦੇਖੋ ਵਸਦੇ ਖਾਨੇ ਉਜਾੜ ਦਿਤੇ!
'ਸ਼ਰਫ'ਚੰਗਾ ਬਚਾਇਆ ਇਸ ਫ਼ਸਾਦ ਕੋਲੋਂ,
ਸਗੋਂ ਆਲ੍ਹਣੇ ਵੀ ਸਾਡੇ ਸਾੜ ਦਿਤੇ!

—o—

## ਸਿਖ ਲੀਗ

(ਇਨਾਮੀ ਕਵਿਤਾ ਨੰਬ੍ਰ ੩)

ਚੁੱਪ ਵਟਿਆਂ ਭੇਤ ਕੀ ਖੁਲਦਾ ਏ,
ਜਦੋਂ ਤੀਕ ਨਹੀਂ ਗੱਲ ਗੁਫਤਾਰ ਹੁੰਦੀ।
ਕੌਣ ਜਾਨਦਾ "ਸਿੱਪ" ਵਿੱਚ ਬੰਦ ਕੀ ਏ,
ਕਦਰ "ਮੋਤੀ" ਦੀ ਵਿੱਚ ਬਾਜ਼ਾਰ ਹੁੰਦੀ।
ਜੌਹਰ ਅਪਨੇ ਦਸਨੋਂ ਨਹੀਂ ਰਹਿੰਦੀ,
ਅਸਲ ਲੋਹੇ ਦੀ ਜੇਹੜੀ "ਤਲਵਾਰ"ਹੁੰਦੀ।
ਛਦੋਂ ਲਗਦੇ ਫੁੱਲ ਕਰੀਰ ਨੂੰ ਕੀ,
ਜਦੋਂ ਬਾਗ ਵਿੱਚ ਆਈ ਬਹਾਰ ਹੁੰਦੀ।
ਬਹੁਤਾ ਨਰਮ ਤੂੰ ਹੋਗਿਓਂ ਰੇਸ਼ਮਾਂ ਉਏ,
ਤਦੇ ਪਈ ਤੇਰੀ "ਤਾਰ, ਤਾਰ" ਹੁੰਦੀ।

ਐਸ ਗੱਲ ਨੂੰ ਕਦੀ ਜੇ ਜਾਨਦੋਂ ਤੂੰ,
ਤੇਰੀ ਕਦੀ ਨ ਮਿੱਟੀ ਖੁਆਰ ਹੁੰਦੀ।
ਤੇਰੇ ਬਣਨ ਨਜ਼ਾਕਤੀ ਕਪੜੇ ਵੀ,
ਤੇਰੇ ਵਿਚੋਂ ਹੀ ਫਾਂਸੀ ਤਿਆਰ ਹੁੰਦੀ।
ਉਠ ਬੈਠ ਹੁਣ ਉਠਕੇ ਸ਼ੁਰੂ ਕਰਦੇ,
ਗੈਰਤ ਮੰਦਾਂ ਦੀ ਜੇਹੜੀ ਹੈ ਕਾਰ ਹੁੰਦੀ॥
ਉਤੋਂ ਪਈ ਅਨ੍ਹੇਰ ਦੀ ਰਾਤ ਕਾਲੀ,
ਨਾਲੇ ਸ਼ਮਾਂ ਸਵੈਰਾਜ ਦੀ ਜਗਦੀ ਏ।
ਤੂੰ ਵੀ ਵਾਂਗ ਪ੍ਰਵਾਨੇ ਦੇ ਹੋ ਸਦਕੇ,
ਤੈਨੂੰ ਲਾਜ ਜੇ ਸਿੱਖੀ ਦੀ ਪੱਗ ਦੀ ਏ।

## ਬੇਨਤੀ ਸ੍ਰੀ ਦਸਮੇਸ਼ ਪਿਤਾ ਦੇ ਚਰਨਾਂ ਵਿੱਚ !

ਪੋਹ ਸੁਦੀ ਸੱਪਤਮੀ ਤੇ ਲਾਇਲ ਪੁਰ ਦੇ ਕਵੀ ਦਰਬਾਰ
ਵਿੱਚ ਪਹਿਲੇ ਨੰਬਰ ਤੇ ਪੜ੍ਹੀ ਗਈ !

ਹਾੜੇ ਸੁਣ ਸੁਣ ਕੇ ਦੁਖੀ ਬੰਦਿਆਂ ਦੇ,
ਦਯਾ ਕਰਨ ਤੇ ਜਦੋਂ ਕਰਤਾਰ ਹੋਇਆ।
"ਪਟਨੇ" ਸ਼ਹਿਰ ਵਿਚ ਕ੍ਰਿਪਾ ਦੀ ਲੈਹਰ ਆਈ
ਵਿਚੋਂ "ਲਾਲ" "ਸੁੱਚਾ" ਪੈਦਾਵਾਰ ਹੋਇਆ।
ਮਾਤਾ "ਗੁਜਰੀ" ਨੂੰ ਦਾਈ ਨੇ ਆਖਿਆ ਏ,
ਤੁਹਾਡੇ ਘਰ ਕੋਈ "ਅਵਤਾਰ" ਹੋਇਆ।

ਪਿਤਾ "ਤੇਗ਼ ਬਹਾਦੁਰ" ਵਧਾਈਆਂ ਲੈ ਲੈ,
ਫੁਲ ਫੁਲ ਖੁਸ਼ੀ ਵਿਚ ਬਾਗ਼ਬਹਾਰ ਹੋਇਆ।
ਤੇਰਾ ਰੂਪ ਅਨੂਪ ਤੇ ਚੰਦ ਚੇਹਰਾ,
ਜੀਹਨੇ ਵੇਖਿਆ ਉਹੋ ਬਲਿਹਾਰ ਹੋਇਆ।
ਕਲਗੀ ਵਾਲਿਆ ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਸਾਰ ਹੋਇਆ।

—o—

ਆਕੇ "ਪੰਡਤਾਂ" ਆਪਦੇ ਸ਼ੈਹਰ ਅੰਦਰ,
ਜਦੋਂ ਰੋ ਰੋ ਬੜਾ ਵਰਲਾਪ ਕੀਤਾ।
ਇਹ "ਹਤਿਆ" ਜੀਸ ਕੋਈ ਮੰਗਦੀਏ,
ਸੁਣਕੇ ਹੁਕਮ ਸੀ ਆਪ ਦੇ ਬਾਪ ਕੀਤਾ।
ਨੌਵੇਂ ਵਰਹੇ ਦੇ ਵਿੱਚ ਸੋ ਤੁਸੀਂ ਉਦੋਂ,
ਬੋਲ ਹੱਸਕੇ ਕੋਲੋਂ ਇਹ ਆਪ ਕੀਤਾ।
"ਮੇਰੇ ਪਿਤਾ ਜੀ" ਸੀਸ ਬੀ ਜਾਏ ਭਾਵੇਂ,
ਜਾਏ ਹਿੰਦ ਚੋਂ ਦੂਰ ਪਰ ਪਾਪ ਕੀਤਾ।
"ਧਰਮ ਰਖਸ਼ਾ" ਵਾਲਾ ਉਪਦੇਸ਼ ਸੁਨ ਕੇ,
ਨੂੰ ਕੋਲੋਂ ਵੀ ਨਹੀਂ ਸੀ ਇਨਕਾਰ ਹੋਇਆ।
ਕਲਗੀ ਵਾਲਿਆ ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਸਾਰ ਹੋਇਆ।

—o—

ਪੱਥਰ ਦਿੱਲਾਂ ਦੇ ਡੱਕਰੇ ਹੋਏ ਸੁਣ ਕੇ,
ਗੱਲਾਂ ਆਪ ਦੀਆਂ ਜੇਹੀਆਂ ਸੱਚੀਆਂ ਸਨ।
ਲਹੂ ਆਪ ਨਾ ਡੋਹਲ ਬੁਝਾ ਚਾਈਆਂ ਚਾ,

ਜੇਹੜੀਆਂ ਪਾਪ ਦੀਆਂ ਅੱਗਾਂ ਮੱਚੀਆਂ ਸਨ।
ਸੱਚ ਸੱਚ ਕਹਵਾਂ ਮੈਂ ਖਾਲਸਾ ਧਰਮ ਦੀਆਂ,
ਕੰਧਾਂ ਗੁਰੂ ਜੀ ਉਦੋਂ ਤੇ ਕੱਚੀਆਂ ਸਨ।
"ਲਖਤੇ-ਜਿਗਰ" ਕੁਹਾ ਕੇ ਯੁੱਧ ਅੰਦਰ,
ਲਾਈਆਂ ਇਨ੍ਹਾਂ ਨੂੰ ਤੁਸਾਂ ਹੀ ਬੱਚੀਆਂ ਸਨ।
ਬਦਲੇ ਇੱਟਾਂ ਦੇ ਨੀਹਾਂ ਵਿਚ "ਲਾਲ" ਦਿਤੇ,
ਤਾਂ ਇਹ ਸਿੱਖੀ ਦਾ ਮਹਿਲ ਤਿਆਰ ਹੋਇਆ।
ਕਲਗੀ ਵਾਲਿਆ ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਸਾਰ ਹੋਇਆ।

—o—

ਇਕਦਰ ਸੰਗਤ ਤੇਰੀ, ਇਕਦਰ ਗ਼ੈਰ ਬੈਠਾ,
ਵਿੱਚ ਰੱਖੀ ਸ਼ਤਰੰਜ ਹੈ ਲਾਲ ਹੋਈ।
ਘਰ ਆਨ ਕੇ ਗ਼ੈਰਾਂ ਨੇ ਮੱਲਿਆ ਏ,
ਐਸੀ ਪੁੱਠੀ ਨਸੀਬਾਂ ਦੀ ਚਾਲ ਹੋਈ।
ਦੇ ਕੇ "ਸ਼ੈਹ" ਜੋ ਦੁਸ਼ਮਨ ਨੂੰ ਘਰੋਂ ਕਢੇ,
ਹੁਣ ਹੈ ਓਸ ਖਿਲਾੜੂ ਦੀ ਭਾਲ ਹੋਈ।
ਲੂੰ ਲੂੰ ਸੰਗਤ ਦਾ ਗ਼ਮਾਂ ਵਿਚ ਵਿਨ੍ਹਿਆਂ ਹੈ,
ਦੁੱਖੀ ਆਪ ਬਾਝੋਂ ਵਾਲ ਵਾਲ ਹੋਈ।
"ਨੀਲੀ ਵਾਲਿਆ" ਆਨ ਕੇ ਜਿੱਤ ਬਾਜ਼ੀ,
ਬੜਾ ਚਿਰ ਤੇਰਾ ਇੰਤਜ਼ਾਰ ਹੋਇਆ।
ਕਲਗੀ ਵਾਲਿਆ, ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਸਾਰ ਹੋਇਆ।

—o—

"ਸਾਡੇ ਝੁੱਗੇ" ਨੂੰ ਗੁਰੂ ਜੀ ਚੌੜ ਕਰ ਕੇ,
ਘਰ ਆਪਣਾ ਜਾ ਸਵਾਰਿਆ ਨੇ।
ਅਸਾਂ ਕਹਿਆ ਸੀ ਸੰਗਤ ਨੂੰ ਨਾ ਲੁਟੋ,
ਐਸ ਗੱਲ ਉਤੋਂ ਫੜ ਫੜ ਮਾਰਿਆ ਨੇ।
ਸਾਨੂੰ ਕੋਹ ਕੋਹ ਗਊਆਂ ਨਿਮਾਣੀਆਂ ਨੂੰ,
ਵਾਂਗ ਬੁਚੜਾਂ ਚੱਮ ਉਤਾਰਿਆ ਨੇ।
"ਨਾਦਰ ਸ਼ਾਹ" ਦੀ ਕੱਬਰ ਵੀ ਕੰਬ ਉਠੀ,
ਐਡ ਕੈਹਰ ਤੇ ਖੂਨ ਗੁਜ਼ਾਰਿਆ ਨੇ।
ਤੁਹਾਡਾ ਹੌਂਸਲਾ ਸ਼ਾਂਤੀ ਯਾਦ ਕਰਕੇ,
ਸਾਥੋਂ ਜ਼ਰਾ ਨਹੀਂ ਗ਼ੈਰ ਤਕਰਾਰ ਹੋਇਆ।
ਕਲਗੀ ਵਾਲਿਆ ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਸਾਰ ਹੋਇਆ।

—o—

ਕਦੀ "ਕੁੰਜੀਆਂ" ਖੋਹਨ "ਦਰਬਾਰ ਦੀਆਂ"
"ਬਾਗ਼ ਗੁਰੂ" ਦੇ ਕਦੀ ਧਮਕਾਨ ਸਾਨੂੰ।
ਕਦੀ "ਬੰਬ" ਵੱਖਾ ਵੱਖਾ ਕੇ ਤੇ,
ਪੂਰਾ ਰਖਣ ਨਾ ਦੇਣ ਕ੍ਰਿਪਾਨ ਸਾਨੂੰ।
ਰਹਿੰਦਾ "ਪਿੱਟਨਾ" ਨਵਾਂ ਤੇ ਨਵਾਂ ਹਰਦੱਮ,
ਨਹੀਂ ਸੁੱਝਦਾ ਪੀਣ ਤੇ ਖਾਨ ਸਾਨੂੰ।
ਦੇ ਦੇ ਤਾ ਪਏ ਪਾਪੀ ਬੁਝਾਣ ਦਿਲ ਨੂੰ,
ਵਾਂਗ ਰੰਬਿਆਂ ਦੇ ਚਾਹੜਣ ਪਾਨ ਸਾਨੂੰ
"ਖੈੜ੍ਹਾ" ਅਸਾਂ ਵੀ ਕਦੀ ਨਾ ਛੱਡਣਾ ਏਂ,
ਜਦੋਂ ਤੀਕ ਨਾ ਪੂਰਾ ਸੁਧਾਰ ਹੋਇਆ

ਕਲਗੀ ਵਾਲਿਆ ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਸਾਰ ਹੋਇਆ।

—o—

ਸ਼ਾਂਤਮਈ ਦਾ ਇਕੋ ਜੁਵਾਬ ਸਾਡਾ,
ਲੱਖ ਵਾਰ ਵੀ ਬੁਰਾ ਕੋਈ ਕਹਿ ਜਾਵੇ।
"ਮਨੀ ਸਿੰਘ" "ਸੁਬੇਗ" "ਸ਼ਾਹਬਾਜ਼" ਵਾਂਗੂੰ,
ਭਾਵੇਂ ਪਿੰਡੇ ਦੀ ਖਲੜੀ ਲਹਿ ਜਾਵੇ।
ਹੱਡਾਂ ਨਾੜਾਂ ਦੀ ਭਰੀ ਇਹ ਦੇਹ ਸਾਡੀ,
ਵਾਂਗ ਦਾਣਿਆਂ ਦੇ ਭਾਵੇਂ ਗਹਿ ਜਾਵੇ।
ਐਪਰ "ਕਸਮ" ਹੈ "ਪੰਜਾਂ ਪਿਆਰਿਆਂ ਦੀ",
"ਪੰਜਾਂ ਕਕਿਆਂ" ਦੀ ਲਾਜ ਰਹਿ ਜਾਵੇ।
ਤਨ, ਮਨ ਤੇ ਧਨ ਹੈ ਸਭ ਤੁਹਾਡਾ,
ਤੁਹਾਡਾ ਕੁਲ ਇਹ ਬਾਗ਼ ਪ੍ਰਵਾਰ ਹੋਇਆ।
ਕਲਗੀ ਵਾਲਿਆ ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਸਾਰ ਹੋਇਆ।

—o—

ਅੱਖਾਂ ਵਾਂਗ ਬਰਸਾਤ ਦੇ ਝੜੀ ਲਾਈ,
ਗ਼ਮਾਂ ਬਦੱਲ ਚੜ੍ਹਾਏ ਨੇ ਕਾਲੇ ਕਾਲੇ।
"ਹਸ਼ਰ" ਤੀਕ ਨਾ ਮਿਟਣਗੇ ਦਾਗ਼ ਦਿਲਤੋਂ,
ਜੇਹੜੇ ਗੋਰਿਆਂ ਲਾਏ ਨੇ ਕਾਲੇ ਕਾਲੇ।
ਸਿਰ ਤੇ ਉਹਨਾਂ ਦੇ ਚੜ੍ਹ ਹੁਣ ਬੋਲਦੇ ਹਾਂ,
ਜਿਨ੍ਹਾਂ ਜਾਦੂ ਚਲਾਏ ਨੇ ਕਾਲੇ ਕਾਲੇ।
ਨਿਕਲ ਗਿਆ ਜਨਾਜ਼ਾ ਇਨਸਾਫ ਵਾਲਾ,

ਤਦੇ ਕਪੜੇ ਪਾਏ ਨੇ ਕਾਲੇ ਕਾਲੇ।
ਨਹੀਂ ਤੇ ਏਸ ਦਿਨ "ਸ਼ਰਫ" ਸਾਂ ਖੁਸ਼ੀ ਕਰਦੇ,
ਜਿਸ ਦਿਨ ਜਨਮ ਸੀ ਤੁਹਾਡਾ ਸ੍ਵਕਾਰ ਹੋਇਆ।
ਕਲਗੀ ਵਾਲਿਆ ਆਪ ਦੇ ਨਾਮ ਉਤੋਂ,
ਸਾਰਾ ਪੰਥ ਬਲਿਹਾਰ ਨਸਾਰ ਹੋਇਆ।

---o---

## ਨਨਕਾਣਾ ਸਾਹਿਬ ਸ਼ਹੀਦੀ ਮੇਲਾ !

## ਪੈਹਲੇ ਨੰਬਰ ਦੀ ਇਨਾਮੀ ਕਵਿਤਾ !!

ਸ੍ਰੀ ਨਨਕਾਣੇ ਸਾਹਿਬ ਪੜ੍ਹੀ ਗਈ ਨਵੰਬਰ ੧੯੨੩
ਦੇ ਸ਼ਹੀਦੀ ਮੇਲੇ ਦੇ ਸਮਾਗਮ ਤੇ !

ਦਾਸਤਾਂ, ਸ਼ਹੀਦਾਂ ਰੰਗੀਲਿਆਂ ਦੀ,
ਜਦੋਂ ਲਿਖਣ ਲਈ ਮੇਰਾ ਖਿਆਲ ਤੁਰਯਾ !
ਸਾਗਰ ਵਿਚ ਜਿਓਂ ਆਵੇ ਜੁਵਾਰ ਭਾਟਾ,
ਖਾਕੇ ਇਸਤਰਾਂ ਜੋਸ਼ ਉਬਾਲ ਤੁਰਯਾ !
ਕੇਸਰ ਭਿੱਨੇ "ਸ਼ਹੀਦਾਂ" ਦੀ ਯਾਦ ਅੰਦਰ,
ਰੰਗ ਹੰਝੂਆਂ ਦਾ ਹੋਕੇ ਲਾਲ ਤੁਰਯਾ !
ਸੀਨਾ ਹੋਇਆ ਦੋ ਡੱਕ ਕੱੜਕ ਕਰਕੇ,
"ਕਲਮ" "ਕਾਗਜ਼" ਤੇ ਥਿੜਕਦੀ ਚਾਲ ਤੁਰਯਾ !
ਨਾ ਰਹਿਨੇ, "ਨਰੈਣੇ" ਦਾ ਜੱਗ ਅੰਦਰ,
ਘਰ ਘਰ ਚਰਚਾ ਇਹ ਜਦੋਂ ਕਮਾਲ ਤੁਰਯਾ !

"ਰਾਜ ਗੁਰੂ" ਨੇ ਜੀਹਨੂੰ ਬਹਾਲਿਆ ਸੀ,
'ਚੱਕੀ' ਚੱਟਨ ਓਹ ਉਠ "ਛਨਾਲ" ਤੁਰਯਾ!
ਕਹਿੰਦਾ ਵਾਹਿਗੁਰੂ ਵਾਹਿਗੁਰੂ ਸਿੰਘ ਜੱਥਾ,
ਐਸ ਗਲ ਦੀ ਕਰਨ ਪੜਤਾਲ ਤੁਰਯਾ!
'ਸਬਰ' ਸਿੰਘਾਂ ਦਾ ਵੇਖਣਨੂੰ ਸਵਰਗ ਵਿਚੋਂ,
ਦਸਮ ਪਿਤਾ ਓਧਰ "ਲਜਪਾਲ" ਤੁਰਯਾ!
ਬੈਠਾ ਮੋਰਚੇ ਗਡਕੇ "ਦੁਸ਼ਟ" ਏਧਰ,
ਠੋਕਰ ਮਾਰਕੇ ਜਿਨਹੂੰ "ਇਕਬਾਲ" ਤੁਰਯਾ!
ਲੈਕੇ, ਸ਼ਿਮਰ "ਹਰਾਮੀਆਂ" "ਸ਼ਾਮੀਆਂ" ਨੂੰ,
ਮਾਰਨ ਜਿਉਂ "ਰਸੂਲ" ਦੀ "ਆਲ" ਤੁਰਯਾ!
ਓਸੇ ਤਰਾਂ "ਗੁਰੂ ਨਾਨਕ" ਦੇ ਸੇਵਕਾਂ ਨੂੰ,
ਕਤਲ ਕਰਨ "ਨਰੈਨਾ" ਚੰਡਾਲ ਤੁਰਯਾ!
ਮਾਰ ਜੰਦਰੇ, ਅੰਦਰੇ ਸਿੰਘ ਮਾਰੇ,
"ਬਾਸ਼ਕ" ਧੌਲ ਦੇ ਦਿਲੋਂ ਭੁਚਾਲ ਤੁਰਯਾ!
ਧਰਤੀ "ਜਲ੍ਹਿਆਂ ਵਾਲੇ" ਦੀ ਕੰਬ ਉਠੀ,
ਧ੍ਰੂਹ ਭਗਤ ਵੀ ਹੋਕੇ ਬੇਹਾਲ ਤੁਰਯਾ!
"ਧਾਰਾਂ ਲਹੂ" ਦੀਆਂ ਇਸਤਰਾਂ ਚਲੀਆਂ ਸਨ,
ਆਵੇ ਖਾਲ ਦਾ ਜਿਵੇਂ ਨਕਾਲ ਤੁਰਯਾ!
ਇਹਅਸਚੂਜ "ਪਚਕਾਰੀਆਂ" ਨਜ਼ਰਆਈਆਂ,
ਨਾੜ ਨਾੜ ਚੋਂ ਲਾਲ ਗੁਲਾਲ ਤੁਰਯਾ!
"ਨਾਵੇ" "ਖੁਲੇ ਸ਼ਹੀਦਾਂ ਦੇ ਖ਼ੂਨ ਦੇ ਜੇਹੇ"
ਹਰਨ ਖਿਤਨ ਦਾ ਜ਼ਿਗਰ ਸੰਭਾਲ ਤੁਰਯਾ!
'ਖਾਕ ਪਾਕ' ਨਾ ਮਥੇ ਦੇ ਨਾਲ ਲਾਈ,

ਐਸੇ ਆਸ ਵਿਚ ਕੋਈ ਨਿਢਾਲ ਤੁਰਯਾ !
ਐਸੇ "ਵੇਸ" ਨੂੰ ਕਿਸੇ "ਅਦੇਸ" ਕਹਿਆ,
ਕੋਈ ਬੋਲ "ਸਤਿ ਸ੍ਰੀ ਅਕਾਲ" ਤੁਰਯਾ !
ਦਰਸ਼ਨਕਰਨਦੀ ਕਿਸੇ ਨੂੰ ਰੀਝ ਰਹਿਗਈ,
ਕੋਈ ਵੇਖ "ਦੀਦਾਰ" ਜਮਾਲ ਤੁਰਯਾ !
ਕਿਸੇ ਹਸਕੇ ਛਵੀਆਂ ਦੇ ਵਾਰ ਝਲੇ,
ਇਕ ਹਿੱਕ ਦੀ ਭਨਕੇ ਢਾਲ ਤੁਰਯਾ !
ਬਲ ਅੱਖਾਂ ਦੇ "ਪ੍ਰੀਤਮ" ਦੀ ਗਲੀ ਅੰਦਰ,
ਖਾਕ ਪਾਕ ਨੂੰ ਕੋਈ ਵੇਖ ਭਾਲ ਤੁਰਯਾ !
"ਛੈਲ" ਸਿੰਘ ਕੋਈ ਵਾਂਗ "ਸਬੇਗ ਸਿੰਘ" ਦੇ,
ਤੋੜ ਜਗਦੇ ਸਾਰੇ ਜੰਜਾਲ ਤੁਰਯਾ !
"ਤਾਰੂ ਸਿੰਘ" ਵਾਂਗੂ, ਮੰਗਣ ਦਾਨ ਕੋਈ,
ਪਿਆਲਾ ਖੋਪਰੀ ਲਾਹ ਕੰਗਾਲ ਤੁਰਯਾ !
"ਮਨੀ ਸਿੰਘ" ਵਾਂਗੂ ਹੋਕੇ ਕਈ ਟੁਕੜੇ,
ਅੰਮ੍ਰਤ ਛਕਣ ਦੇ ਕੌਲ ਨੂੰ ਪਾਲ ਤੁਰਯਾ !
ਕੋਈ "ਦੀਪ ਸਿੰਘ" ਧਰਮ ਦੀ ਦੀਪ ਉਤੇ,
ਆਪਾ ਵਾਂਗ ਪਤੰਗ ਦੇ ਜਾਲ ਤੁਰਯਾ !
"ਲਛਮਣ ਸਿੰਘ" ਕਹਿਆ ਮੈਂ ਵੀ ਚਲਨਾ ਹਾਂ,
ਜਿਵੇਂ "ਲਛਮਣ" ਸੀ "ਰਾਮ" ਦੇ ਨਾਲ ਤੁਰਯਾ !
ਦੁਖ ਪੰਥ ਦਾ ਵੇਖ ਗੈਬ ਵਿਚੋਂ,
"ਇਸਮ ਆਜ਼ਮ" ਉਡਕੇ ਓਸੇ ਹਾਲ ਤੁਰਯਾ !
"ਅੱਖਰ" ਅਖਰਦੀ ਅੱਖ ਸੀ ਭਰੀ ਲਹੂ ਦੀ,
ਸੀਨਾ ਛਾਨਣੀ ਹੋਇਆ ਵਖਾਲ ਤੁਰਯਾ !

ਕਿਸੇ ਮਾਂ ਦੁਖਿਆਰੀ ਦਾ ਚੋਹਗੜਾ ਈ,
ਰਾਹ ਸਵਰਗ ਦੇ ਹੋਕੇ ਖੁਸ਼ਹਾਲ ਤੁਰਯਾ!
ਬੁਢੇ ਪਿਤਾ ਦਾ ਠੁਮਨਾਂ ਪੁਤਰ ਕੋਈ,
ਲੱਕ ਤੋੜਕੇ ਸੀ ਨੌਂ ਨਿਹਾਲ ਤੁਰਯਾ!
ਕਿਸੇ ਵੀਰ ਦੀ ਭਜ ਗਈ ਬਾਂਹ ਸੱਜੀ,
ਦੁਖਾਂ ਸੁਖਾਂ ਦਾ ਵੀਰ ਭਿਆਲ ਤੁਰਯਾ!
ਭੈਣ "ਔਂਸੀਆਂ" ਪਾ ਪਾ ਰਾਹ ਵੇਖੇ,
ਆਓਂਦਾ ਵੀਰ ਹੋਊਗਾਨੇਕ ਢਾਲ ਤੁਰਯਾ!
ਨਾਰੀ ਆਖਦੀ ਉਡਕੇ ਦਸ ਕਾਂਵਾਂ,
ਜੇਕਰ ਪਤੀ ਆਵੇ "ਪ੍ਰਿਤਪਾਲ" ਤੁਰਯਾ!
ਠੇਕੇ ਖਾਂਦਾ ਕੋਈ ਪਿਤਾ ਦਾ ਰਾਹ ਵੇਖੇ,
ਨੀਮ ਸੁੱਧ ਯਤੀਮ ਕੋਈ ਬਾਲ ਤੁਰਯਾ!
ਬੋਲ ਫ਼ਤਿ, ਐਪਰ ਫਤਿਪੁਰ ਪਹੁੰਚਾ,
ਜਥਾ ਫ਼ਤਿ ਕਰਕੇ ਵੈਰੋਵਾਲ ਤੁਰਯਾ!
ਏਹਨਾਂ ਮੁਕਤਿਆਂ ਦਾ ਸਿਦਕ ਵੇਖਕੇਤੇ,
"ਮੁਕਤਸਰ" ਵੀ ਨੀਰ ਉਛਾਲ ਤੁਰਯਾ।
ਡਿਠੇ ਜਦੋਂ ਇਹ ਚੰਨ ਦੋ ਖੱਨ ਹੋਏ,
"ਚੱਨ ਚੌਂਦਵੀਂ" ਦਾ ਹੋ "ਹਲਾਲ" ਤੁਰਯਾ!
ਕਢੇ ਅਥਰੂ ਲਾਲਾਂ ਦੇ ਪਰਬਤਾਂ ਨੇ,
ਸਾਗਰ ਮੋਤੀ ਦੇ ਹੰਝੂ ਓਰਪਾਲ ਤੁਰਯਾ!
ਸੋਟ ਕਰਨ "ਸ਼ਹੀਦਾਂ" ਦੀ ਜੰਦ ਉਤੋਂ,
"ਚੰਦ" "ਤਾਰਿਆਂ" ਦਾ ਭਰਕੇ ਥਾਲ ਤੁਰਯਾ!

ਨਾਵਾਂ ਆਪਣਾ ਕਰ "ਸ਼ਹੀਦ" ਰੌਸ਼ਨ,
"ਪਾਪੀ" ਜੱਗ ਦੀ ਖੱਟ ਮੁਕਾਲ ਤੁਰਯਾ !
ਦਸਮੇਂ ਪਿਤਾ ਦੇ "ਸ਼ਰਫ" ਦੁਲਾਰਯਾਂ ਨੂੰ,
"ਦਸਵੇਂ" "ਫਗਣੋਂ" ਹੈਚੌਥਾਸਾਲਤੁਰਯਾ !

---o---

## "ਬੁਲਬੁਲ ਦੀ ਪੁਕਾਰ"

(ਇਨਾਮੀ ਕਵਤਾ ਸ੍ਰੀ ਨਨਕਾਣਾ ਸਾਹਿਬ)

ਅੱਖਾਂ ਖੁਲਦਿਆਂ ਮਥੇ "ਸਯਾਦ" ਲਗਾ,
ਡਿਠਾ ਨਹੀਂ ਸੀ ਅਜੇ "ਗੁਲਜ਼ਾਰ" ਦਾ ਮੂੰਹ !
"ਕਲੀ" ਵਾਂਗ ਕੁਮਲਾਕੇ ਧੌਣ ਸੁਟ ਲਈ,
ਜਦੋਂ ਵੇਖਿਆ "ਮੀਰ ਸ਼ਕਾਰ" ਦਾ ਮੂੰਹ !
ਅਸੀਂ "ਬੋਟ" ਈ ਫੜੇ ਗਏ ਆਹਲਣੇ ਚੋਂ,
ਇਕ ਘੜੀ ਨਾ ਡਿਠਾ "ਬਹਾਰ" ਦਾ ਮੂੰਹ !
ਜ਼ਾਲਮ "ਪਿੰਜਰੇ" ਵਿਚ ਵੀ "ਕੈਦ" ਕਰਕੇ,
ਨਾ ਬੱਨ੍ਹ ਪੀਚਕੇਹਰਇਕ "ਉਡਾਰ" ਦਾ ਮੂੰਹ !
ਕੁਝ ਤੇ ਪਾਪੀਆ ਸਾਡੀ ਭੜਾਸ ਨਿਕਲੇ,
ਖੁਲ੍ਹਾ ਰਹਿਣ ਦੇ ਜ਼ਰਾ ਮਿਨਕਾਰ ਦਾ ਮੂੰਹ !
ਬੇਸ਼ਕ ਬੰਨ੍ਹ ਦਰਿਆ ਨੂੰ ਮਾਰ ਲਵੇਂਗਾ,
ਬੰਦ ਕਰੇਂਗਾ ਕੀਕਰ ਸੰਸਾਰ ਦਾ ਮੂੰਹ !

ਮਕਰ ਚਾਨਣੀ ਵਿਚ ਅਸੀਂ ਗਏ ਲੁਟੇ,
ਵੇਖ "ਚਿਟਾ" ਤੇ "ਗੋਰਾ" ਦਿਲਦਾਰ ਦਾ ਮੂੰਹ !
ਆਖਰ ਐਸ ਨੇ ਖਾਕ ਦਰ ਖਾਕ ਹੋਨਾ,
ਜੇੜ੍ਹਾ ਰਹਿਨਾਂ ਏਂ, ਨਿਤ "ਸਵਾਰ" ਦਾ ਮੂੰਹ !
ਮੂੰਹ, ਚੁਕ ਚੁਕਕੇ ਜੇੜ੍ਹਾ ਹਿੰਦੀਆਂ ਨੇ,
ਅਜਤੀਕ ਵੇਖਿਆ ਤੇਰੇ ਇ ਰਾਰ ਦਾ ਮੂੰਹ !
ਤੇਰੇ ਬੂਬੇ ਨੂੰ ਅਸਾਂ ਕੀ ਵੇਖਣਾ ਸੀ,
ਸਾਨੂੰ "ਮਲਕਾਂ" ਦਾ ਰਹਿਆਏ ਮਾਰ ਦਾ ਮੂੰਹ !
ਜਗ ਵਿਚ ਈ ਹੋਨਾ ਏਂ ਅੰਤ ਕਾਲਾ,
ਤੇਰੇ ਜਹੇ ਝੂਠੇ ਸਿ ਆ ਕਾਰ ਦਾ ਮੂੰਹ !
ਅਸੀਂ ਓਹ "ਮੰਸੂਰ" ਹਾਂ ਹੱਕ ਬਦਲੇ,
ਹੱਸ ਹੱਸਕੇ ਵੇਖਾਂਗੇ ਵਾਰ ਾ ਮੂੰਹ !
ਸਾਡੇ ਸਬਰ ਦੀ ਵਜੀ ਚੁਪੇੜ ਐਸੀ,
ਭੁਜ ਗਿਆ ਅੱਜ ਤੇਰੇ ਹੰਕਾਰ ਦਾ ਮੂੰਹ !
ਸ਼ਰਮ ਨਾਲ ਤਰੇਲੀਆਂ ਛੁਟੀਆਂ ਨੇ,
ਸਾਰਾ ਹੋਇਆ ਗੱੜੁਚ ਸਰਕਾਰ ਦਾ ਮੂੰਹ !
ਸਖਤ ਜਾਨੀਆਂ ਸਾਡੀਆਂ ਵੇਖਕੇਤੇ,
ਨੀਵਾਂਹੋਇਆਕਿਉਂ ਐਡੇ ਫੁੰਕਾਰਦਾ ਮੂੰਹ !
ਕੰਨਾਂ ਵਿਚ ਤੂੰ ਪਾ ਲਈਂ ਬੋਲ ਸਾਡੇ,
ਜ਼ਰਾ ਕੁੰਜ ਜ਼ੁਲਫ ਖਮਦਾਰ ਦਾ ਮੂੰਹ !
ਕੁਝ ਨਹੀਂ ਆਪਣੀ ਜਾਨ ਦਾ ਫਿਕਰ ਸਾਨੂੰ,
ਖੁੰਡਾ ਹੋਵੇ ਨਾ ਤੇਰੀ ਤਲਵਾਰ ਦਾ ਮੂੰਹ !
ਸਾਜਾ "ਜੈਤੋ" ਦੀ ਕੰਧ ਦਾ ਹੋਵੇ ਸਿਰਤੇ,

ਹੋਵੇ ਗਲੇ ਤੇ ਤੇਰੀ 'ਕਟਾਰ ਦਾ ਮੂੰ !
ਵੇਲੇ ਜ਼ਬਾ ਦੇ "ਸ਼ਰਫ" ਇਹ ਯਾਦ ਰਖੀਂ
ਹੋਵੇ ਸਾਹਮਣੇ ਸ੍ਰੀ ਦਰਬਾਰ ਦਾ ਮੂੰਹ !

---o---

## ਸੁਪਨੇ ਵਿਚ ਸ੍ਰੀ ਕਲਗੀਧਰ ਜੀ ਦਾ ਦਰਸ਼ਨ !

{ ਇਹ ਕਵਿਤਾ "ਅਕਾਲੀ-ਤੇ-ਪ੍ਰਦੇਸੀ" ਦੇ ਪਰਚੇ ਵਿਚ ਤ੍ਰੀਕ ੯ ਮਾਰਚ ੧੯੨੪ ਨੂੰ ਪ੍ਰਕਾਸ਼ਤ ਹੋਈ ਸੀ ! }

ਕੀ ਆਖਾਂ ਅੱਜ ਰਾਤੀਂ ਜੇਹੜੇ ਦਿਤੇ ਗਮਾਂ ਹੁਲਾਰੇ !
ਉੱਘੜ ਆਏ ਹਰਫਾਂ ਵਾਂਗੂੰ ਦਾਗ਼ ਜਿਗਰ ਦੇ ਸਾਰੇ !
ਅੰਬਰ ਉਤੋਂ ਅੱਖਾਂ ਕਢ ਕਢ ਘੂਰਨ ਲਗੇ ਤਾਰੇ !
ਦਿਲ ਦੇ ਅੰਦਰ ਚੋਬਾਂ ਪਈਆਂ ਗੁੱਝੇ ਨੇਜ਼ੇ ਮਾਰੇ !
ਰਾਹ ਅੰਬਰ ਦਾ ਨਜ਼ਰੀਂ ਆਯਾ ਨਿਕਲੀ ਤੇਗ਼ ਮਿਆਨੋਂ !
ਲਗੀ ਲਗ ਗਈ ਕਰ ਘਾਇਲ ਛੱਡ ਗਈ ਪਰ ਜਾਨੋਂ !
ਅਰਸ਼ਾਂ ਉਤੋਂ ਮੰਗਲ ਤਾਰੇ ਖੂਨੀ ਸ਼ਕਲ ਦਿਖਾਈ !
ਟੁਟ ਸ਼ੁਹਾਬ ਡਿਗੇ ਅਸਮਾਨੋਂ ਅਖੋਂ ਅੱਗ ਵਗਾਈ !
ਨਾੜਾਂ ਵਾਂਗੂ ਨਾੜਾਂ ਸੜੀਆਂ, ਲੂੰ ੨ ਨੂੰ ਅੱਗ ਲਾਈ !
ਪਾਕੇ ਤੇਲ, ਤ੍ਰੇਲ ਹੰਝੂ ਦਾ ਬਲਦੀ ਹੋਰ ਮਚਾਈ !

ਵਾ ਠੰਡੀ ਦੇ ਬੁੱਲੇ ਵੱਗ ੨ ਰਮਜ਼ਾਂ ਖੋਲ੍ਹਣ ਲਗੇ !
ਦੱਬੀ ਹੋਈ ਅੱਗ ਸੀਨੇ ਦੀ ਸਾਰੀ ਫੋਲਣ ਲਗੇ !
ਸਾੜ ਪੁਰਾਣੇ, ਅੱਗ ਨਵੀਂ ਨੇ ਤਨ ਮਨ ਲਾਂਬੂ ਬਾਲੇ !
ਲਾਲਾ ਵਾਂਗੂ ਦਾਗ਼ ਲਗਾਏ ਦਿਲ ਵਿੱਚ ਕਾਲੇ ਕਾਲੇ !
ਘਾ ਸੀਨੇ ਦੇ ਅੱਲ੍ਹੇ ਛਿੱਲੇ, ਤੋੜੇ ਕਚੇ ਛਾਲੇ !
ਤੜਫਨ ਲਗਾ ਯਾਦ ਆਏ ਜਦ, ਝੂਠਿਆਂ ਕੌਲਾਂ ਵਾਲੇ !
ਬੇ-ਵਸ ਹੋਇਆ ਆਖਰ ਰੋਇਆ, ਵੱਸ ਨ ਰਿਹਾ ਮੇਰੇ !
ਕੂੜ ੨ ਕੇ ਮੈਂ ਸਿਟੇ ਵਾਂਗੂੰ, ਦਾਣੇ ਹੰਝੂ ਕੇਰੇ !
ਮੈਂ ਅਣਤਾਰੂ ਤਰਨ ਨਾ ਜਾਣਾ, ਰੋਹੜ ਹੰਝੂ ਦਾ ਆਯਾ !
ਡੂੰਗਿਆਂ ਵੈਂਣਾਂ ਆਕੇ ਮੈਨੂੰ ਡੂੰਘੇ ਵਹਿਣ ਰੁੜ੍ਹਾਯਾ !
ਦਿਲ ਘਾਟਿਆ ਤੇ ਵੱਧੀ ਬੇਹੋਸ਼ੀ ਡੋਬਾਂ ਡੋਬ ਵਿਖਾਯਾ !
ਰੁੜ੍ਹਿਆ ਜਾਂਦਾ ਗ਼ੋਤੇ ਖਾਂਦਾ ਮੌਜਾਂ ਮਾਰ ਮੁਕਾਯਾ !
ਬੁਲਬੁਲਿਆਂ ਦੇ ਵਾਂਙੂ ਆਖਿਰ, ਬੇੜਾ ਮੇਰਾ ਟੁਟਿਆ !
ਰੂਹ ਜਾਂ ਲੱਗਾ ਬੰਨੇ ਉਤੇ, ਬੁਤ ਪਾਣੀ ਵਿੱਚ ਸੁਟਿਆ !
ਬੇ-ਦਰਦਾਂ ਦੀ ਗ਼ਫਲਤ ਆਕੇ ਦੀਦੇ ਮੇਰੇ ਘੁੱਟੇ !
ਅੱਖਾਂ ਵਾਲੀਆਂ ਬਾਰੀਆਂ ਉਤੇ ਨੀਂਦਰ ਪਰਦੇ ਸੁੱਟੇ !
ਰੂਹ ਸੈਲਾਨੀ ਸੁਫਨੇ ਅੰਦਰ, ਉਡ ਉਡ ਬੁਲੇ ਲੁੱਟੇ !
ਟੁੱਟੇ ਪੈਕੇ ਚਮਕ ਪਏ ਸਨ ਮੇਰ ਲੇਖ ਨਿਖੁੱਟੇ !
ਮੈਂ ਸੁਤਾ ਤੇ ਕਿਸਮਤ ਜਾਗੀ ਡਿੱਠਾ ਅਜਬ ਨਜ਼ਾਰਾ !
ਖੁਲ੍ਹੇ ਬੂਹੇ ਸੁਰਗਾਂ ਅੰਦਰ ਵੜਿਆ ਔਗਣਹਾਰਾ !
ਲੱਗਾ ਇਕ ਦੀਵਾਨ ਡਿੱਠਾ ਮੈਂ, ਜਗਮਗ ੨ ਕਰਦਾ !
ਸੂਰਜ ਚੰਦਰ ਅਦਨਾ ਬਰਦਾ ਉਸ ਨੂਰਾਨੀ ਦਰਦਾ !
ਜਾ ਬੈਠਾ ਇਕ ਪਾਸੇ ਹੋਕੇ ਮੈਂ ਭੀ ਡਰਦਾ ਡਰਦਾ !

ਐਨੇ ਅੰਦਰ ਦਰਸਨ ਹੋਇਆ ਮੈਨੂੰ ਕਲਗੀਧਰਦਾ !

ਕਲਗੀਧਰ ਮਹਾਰਾਜ ਪੁਕਾਰੇ 'ਬੁਧੂ ਸ਼ਾਹ' ਜੀ ਜਾਓ !

"ਸ਼ਰਫ"ਵਿਚਾਰੇਦੀ ਬਾਂਹ ਫੜਕ ਨਾਲ ਅਗੇ ਲੈ ਆਓ !

ਚਰਨਾਂ ਅੰਦਰ ਹਾਜ਼ਰ ਹੋਕੇ ਅਦਬੋਂ ਸੀਸ ਝੁਕਾਇਆ !

ਅਖੀਂ ਖ਼ਾਕ ਪਵਿਤ੍ਰ ਲਾਈ ਨੂਰ ਹਕੀਕੀ ਪਾਇਆ !

ਦੀਨਾਂ ਬੰਦੂ ਸਤਿਗੁਰ ਜੀ ਨੇ ਫੜਕੇ ਸੀਸ ਉਠਾਇਆ !

ਸੁੰਦਰ ਬੋਲ ਬੋਲਕੇ ਪ੍ਰੀਤਮ ਹੱਸ ੨ ਕੇ ਫੁਰਮਾਇਆ !

ਪਿਆਰੇ ਕਾਰਨ ਤੁਹਫਾ ਖੜਦਾ ਮਿਲਣ ਕੋਈ ਜਦ ਜਾਂਦਾ !

ਦੁਨੀਆਂ ਵਿੱਚੋਂ ਸਾਡੇ ਬਦਲੇ ਤੂੰ ਕੀ ਤੁਹਫਾ ਆਂਦਾ ?

ਨਿਮੂਝੂਣੇ ਨੀਵੀਂ ਅੱਖੀਂ ਹਥ ਬੰਨ੍ਹ ਅਰਜ਼ ਗੁਜ਼ਾਰੀ !

ਜਗ ਵਿਚੋਂ ਕੀ ਤੁਹਫਾ ਲਿਔਂਦਾ ਪਿਆਰੇ ਪਰ ਉਪਕਾਰੀ !

ਪਰ ਇਕ ਚੀਜ਼ ਲਿਆਂਦੀ ਹੈ ਮੈਂ ਜੇੜ੍ਹੀ ਤੁਹਾਨੂੰ ਪਯਾਰੀ !

ਜੀਹਦੇ ਇਕ ਕਤਰੇ ਦੀ ਕੀਮਤ ਥੋੜ੍ਹੀ ਦੁਨੀਆਂ ਸਾਰੀ !

ਖ਼ੂਨ ਸ਼ਹੀਦੀ ਜਥੇ ਦਾ ਮੈਂ ਭਰਕੇ ਪਿਯਾਲਾ ਲਿਆਂਦਾ

ਕਲਗੀਧਰ ਜੀ ਵੇਖੋ ਬੇਸ਼ੱਕ ਜੇ ਹੈ ਵੇਖਿਆ ਜਾਂਦਾ !

---:o:---

# ਕਾਂਗ੍ਰਸ ਦਾ ਢੰਡੋਰਾ !

—:o:—

(ਇਹ ਕਵਿਤਾ ਕਾਂਗ੍ਰਸ ਤੇ ਕਵੀ ਦਰਬਾਰ ਤੇ "ਬ੍ਰੈਂਡ ਲਾਹ" ਹਾਲ ਲਾਹੌਰ ਵਿਖੇ ਪੜ੍ਹੀ ਗਈ, ਅਤੇ ਪੈਹਲੇ ਨੰਬਰ ਤੇ ਰਹੀ।

( ੧੧ ਦਸੰਬ੍ਰ ੧੯੨੧ )

ਏਸ "ਚਮਨ" ਦੇ ਵਿੱਚ ਕੀ ਜ਼ਿੰਦਗੀ ਦਾ,
ਮੈਨੂੰ ਰਹਿਣ ਦਾ ਦਸੋ ਸਵਾਦ ਹੋਵੇ।
ਏਸੇ ਤਾੜ ਵਿੱਚ ਰਹਵੇ "ਗੁਲਚੀਨ" ਜਿਥੇ,
ਖਿੜੇ ਕੱਲੀ ਨਾ ਗੁਲ ਆਬਾਦ ਹੋਵੇ।
ਚੱਪੇ ਚੱਪੇ ਤੇ ਦਾਮ ਖਲਾਰ ਨਾਲੇ,
ਕਦਮ ਕਦਮ ਤੇ ਬੈਠਾ ਸੱਯਾਦ ਹੋਵੇ।
ਅੱਸਾਂ "ਤੋਤਿਆਂ" "ਬੁਲਬੁਲਾਂ" "ਕੁਮਰੀਆਂ" ਦੀ,
ਪੂਰੀ ਦਿੱਲ ਦੀ ਤਾਈਏਂ ਮੁਰਾਦ ਹੋਵੇ।
"ਬਾਗ਼ ਆਪਣਾ ਹੋਏ, ਤੇ ਫੁਲ ਅਪਣੇ,
ਮਾਲੀ ਆਪਣਾ ਤਦੇ ਦਿੱਲਸ਼ਾਦ ਹੋਵੇ"।
"ਕਰੋ ਹਿੰਦੀਓ ਰੱਲਕੇ ਹੁਣ ਕੰਮ ਐਸਾ,
ਸਾਡੀ ਮਾਦਰੇ ਹਿੰਦ ਆਜ਼ਾਦ ਹੋਵੇ"।

—o—

ਹੋ ਗਏ ਪ੍ਰੇਸਾਂ ਗੇਸੂਆਂ ਵਾਂਗ ਕਾਲੇ,
ਅਸੀਂ ਵਿਗੜੇ ਤੇ ਸਾਡੀ ਸੁਕਾਰ ਬਨ ਗਈ।
ਜੀਹਦੇ ਸਿਰ ਤੇ "ਯੂਰਪ" ਅਮੀਰ ਹੋਇਆ,
ਹਾਇ ਧਰਤੀ ਉਹ ਆਪ ਨਾਦਾਰ ਬਨਗਈ।
ਕੀ, ਕੀ ਦਸੀਏ ਸੱੜ ਗਿਆ ਜਿਗਰ ਸਾਡਾ,
ਸਾਡੇ ਨਾਲ ਮਸਾਲ ਇਹ ਯਾਰ ਬਨ ਗਈ।
"ਬੱਲਦੀ ਵੇਖਕੇ ਲੈਨ ਸੀ ਅੱਗ ਆਈ,
ਘਰ ਬਾਰ ਦੀ ਮਾਲਕ ਹਣ ਨਾਰ ਬਨਗਈ।
ਲੁਟੇ ਗਏ "ਤੈਹਜ਼ੀਬ" ਦੇ ਪਰਦਿਆਂ ਵਿੱਚ,
"ਸ਼ਾਲਾ" ਇੰਵ ਨਾ ਕੋਈ ਬਰਬਾਦ ਹੋਵੇ।
ਕਰੋ ਹਿੰਦੀਓ ਹੁਣ ਰੱਲਕੇ ਕੰਮ ਐਸਾ,
ਸਾਡੀ ਮਾਦਰੇ ਹਿੰਦ ਆਜ਼ਾਦ ਹੋਵੇ।

—o—

ਮੀਟੀ ਰਵੇਗੀ, ਮੁੱਠ ਇਹ ਕਦੋਂ ਤੀਕਰ,
ਰੰਗੇ ਖੂੰਨ ਸ਼ਹੀਦਾਂ ਕੱਦ ਖੁਲਣਾ ਏਂ।
"ਪੱਤਝੜ" ਹਿੰਦ ਵਿੱਚ ਰਵੇਗੀ ਕਦੋਂ ਤੀਕਰ,
ਕਿਸ ਦਿਨ ਬਾਗ਼ ਸਾਡਾ ਫਲਣਾ, ਫੁਲਣਾ ਏਂ।
"ਖ਼ਾਕਸਾਰੀਆਂ" ਕਰੋਗੇ ਕਦੋਂ ਤੀਕਰ,
ਕੱਦ ਤੱਕ ਲਾਲਾਂ ਨੇ ਮਿੱਟੀ ਵਿੱਚ ਰੁਲਣਾ ਏਂ।
"ਸ਼ਾਹੀ" ਆਪਣੀ ਆਵੇਗੀ ਯਾਦ ਕਿਸ ਦਿਨ,
ਤੁਸਾਂ ਕਦੋਂ ਗੁਲਾਮੀ ਨੂੰ ਭੁਲਣਾ ਏਂ।
ਰੱਜ ਗਏਓ ਡੇਢ ਸੌ ਸਾਲ ਸੌ ਸੌ,
ਹੁਣ ਤੇ ਅਪਣੀ ਹੱਸਤੀ ਵੀ ਯਾਦ ਹੋਵੇ।

ਕਰੋ ਹਿੰਦੀਓ ਰਲਕੇ ਹੁਣ ਕੰਮ ਐਸਾ,
ਸਾਡੀ ਮਾਦਰੇ ਹਿੰਦ ਆਜ਼ਾਦ ਹੋਵੇ ।

—:o:—

ਹਾਂ ਉਹ "ਹਿੰਦੀਏ" ਜਿਨਾਂ ਨੇ ਸੀਸ ਦਿਤੇ,
ਕੀਤਾ ਜੰਗ ਜੱਦ ਜਰਮਨਾਂ ਤੁਰਕੀਆਂ ਨੇ ।
ਗੋਲਾ ਹਿੰਦ ਦਾ ਘਲਿਆ ਵਿਚ "ਯੂਰਪ",
ਮੂੰਹੋਂ ਕੱਢ ਕੱਢ ਦਿੱਤੀਆਂ ਬੁਰਕੀਆਂ ਨੇ ।
ਸਾਡੇ ਸਿਰਾਂ ਤੇ ਫਤੇ ਸ੍ਰਕਾਰ ਪਾਈ,
ਤਾਹੀਏਂ ਮੂੰਹਾਂ ਤੇ ਲਾਲੀਆਂ ਸੁਰਕੀਆਂ ਨੇ ।
ਅੱਸਾਂ ਹੱਕ ਜੱਦ ਮੰਗਿਆ ਆਪਨਾ ਏਂ,
"ਰੌਲਟ ਬਿੱਲ" ਦੀਆਂ ਦਿੱਤੀਆਂ ਘੁਰਕੀਆਂ ਨੇ ।
ਐਸ ਜ਼ੁਲਮ ਤੇ ਉਹ ਵੀ ਅੱਜ ਕਰੇ ਤੋਬਾ,
ਜੇਕਰ ਜ਼ਿੰਦਾ ਫਰਊਨ ਸ਼ਦਾਦ ਹੋਵੇ ।
ਕਰੋ ਹਿੰਦੀਓ ਰਲਕੇ ਹੁਣ ਕੰਮ ਐਸਾ,
ਸਾਡੀ ਮਾਦਰੇ ਹਿੰਦ ਆਜ਼ਾਦ ਹੋਵੇ ।

—o—

ਹਸ਼ਰ ਤੀਕ ਕਹਾਨੀਆਂ ਪੈਣੀਆਂ ਨੇ,
ਜੇਹੜੇ "ਡਾਇਰ" "ਉਡਵਾਇਰ" ਨੇ ਵੈਰ ਕੀਤੇ ।
ਭੂਨ ਸੁਟਿਆ ਬੱਚਿਆਂ ਬੁਢਿਆਂ ਨੂੰ,
ਦਿੱਲ ਖੋਹਲ ਬੰਦੂਕਾਂ ਦੇ ਫੈਰ ਕੀਤੇ ।
ਖੂਨੇ "ਬੁਲਬੁਲਾਂ" ਥੀਂ ਲਾਲਾਜ਼ਾਰ ਕਰਕੇ,
"ਬਾਗ "ਜ਼ਲ੍ਹਿਆਂ ਵਾਲੇ" ਦੇ ਸੈਰ ਕੀਤੇ ।
ਦਿੱਤਾ ਫੈਜ਼ ਇਹ "ਹਿੰਦੂਆਂ" "ਮੁਸਲਮਾਂ"ਨੂੰ,

ਕੱਠੇ ਇਕ ਥਾਂ "ਕਾਹਬਾ" ਤੇ"ਦੈਰ" ਕੀਤੇ
ਏਸ ਜ਼ੁਲਮ ਬੇਹੱਦ ਤੇ ਕੈਹਣ ਜ਼ਾਲਮ,
ਖਬਰ ਦਾਰ ਨ ਕਦੀਂ ਫਰਿਯਾਦ ਹੋਵੇ।
ਕਰੋ ਹਿੰਦੀਓ ਰਲਕੇ ਹੁਨ ਕੰਮ ਐਸਾ,
ਸਾਡੀ ਮਾਦਰੇ ਹਿੰਦ ਆਜ਼ਾਦ ਹੋਵੇ।

—o—

ਆਗਏ "ਖ਼ੈਰਖਾਹ" ਜਦੋਂ ਦੇ ਹਿੰਦ ਅੰਦਰ,
ਇੱਕ ਤੇ "ਕਾਲ" ਨੇ ਦਿੱਤਾ ਮੂੰਹ ਮੋੜ ਸਾਡਾ।
ਦੂਜੇ ਲੁਟਕੇ ਨਾਲ ਬਹਾਨਿਆਂ ਦੇ,
ਖੋਹੰਦੇ ਸਾਲ ਅੰਦਰ ਕਈ ਕ੍ਰੋੜ ਸਾਡਾ।
ਤੀਜੇ ਨਿੱਤ ੨ ਨਵੇਂ ਜਲੂਸ ਕੱਢਣ,
ਦਿੱਤਾ ਲੱਕ ਉਚਾਟੀਆਂ ਤੋੜ ਸਾਡਾ।
ਪੁੱਟ ਛਡਿਆ "ਇਨ੍ਹਾਂ" ਦੇ "ਫੈਸ਼ਨਾ" ਨੇ,
ਇਨ੍ਹਾਂ ਨਾਲ ਨਾ ਨਿੱਭਦਾਏ ਜੋੜ ਸਾਡਾ।
ਜਿਨਾਂ ਨ੍ਹਾਤੇ ਹਾਂ, ਉਨਾਂ ਹੀ ਪੁੰਨ ਜਾਨੋਂ,
"ਨਾਮਿਲਵਰਤਨ" ਦਾ ਅਗੋਂ ਜਹਾਦ ਹੋਵੇ।
ਕਰੋ ਹਿੰਦੀਓ ਰਲਕੇ ਹੁਣ ਕੰਮ ਐਸਾ,
ਸਾਡੀ ਮਾਦਰੇ ਹਿੰਦ ਆਜ਼ਾਦ ਹੋਵੇ।

—o—

ਤੁਸੀਂ ਵਡਿਆਂ ਵੱਲ ਧਿਆਨ ਮਾਰੋ,
ਰਾਜੇ ਸਨ, ਨ ਚੂਹੜੇ ਨ ਚਪੜੇ ਸਨ।
ਡਾਗਾਂ ਕੋਲੋਂ ਹੀ ਲੈਂਦੇ ਸਨ ਕੰਮ ਸਾਰੇ,
ਉਨ੍ਹਾਂ ਹੰਟਰ ਵਲੈਤੀ ਕੱਦ ਪਕੜੇ ਸਨ।

ਛਾਈਆਂ, ਫਾਹੀਆਂ ਕੱਢ ਉਨਾਂ ਨੇ ਗਲੇ ਪਾਈਆਂ,
ਰੇਸ਼ਮ ਸਿਲਕ ਤੱਕ ਉਹ ਕਦੋਂ ਅਪੜੇ ਸਨ।
ਨਾਜ਼ਕ ਬਦਨ ਸੀ, ਮਖਮਲਾਂ ਦੇ ਵਾਂਗ ਸਾਟੇ,
ਐਪਰ ਪਹਿਨਦੇ ਖੱਦੜ ਦੇ ਕੱਪੜੇ ਸਨ।
ਤੋੜੋ, ਤੁਸੀਂ ਵੀ ਜਾਲ ਬਰੀਕੀਆਂ ਦੇ,
ਹੁਣ ਤੇ ਅਪਣਾ ਮੁਲਕ ਆਬਾਦ ਹੋਵੇ।
ਕਰੋ ਹਿੰਦੀਓ ਰੱਲਕੇ ਹੁਣ ਕੰਮ ਐਸਾ,
ਸਾਡੀ ਮਾਦਰੇ ਹਿੰਦ ਆਜ਼ਾਦ ਹੋਵੇ।

—o—

ਘਰ, ਘਰ ਚਰਖਿਆਂ ਦੀ ਕਰੋ ਰਸਮ ਜਾਰੀ,
ਜੇਕਰ ਸਾਹਿਬੋ ਤੁਸੀਂ ਨਹੀਂ ਤੰਗ ਹੋਣਾ।
"ਖ਼ਫਨ" ਲਈ ਮੁਹਤਾਜ ਹਾਂ, ਦੂਜਿਆਂ ਦੇ,
ਏਦੋਂ ਵੱਧ ਕੀ ਹੋਰ ਹੈ ਨੰਗ ਹੋਣਾ।
ਘੂਕਰ ਪਹੁੰਚੀ, ਜੱਦ ਸਾਡਿਆਂ ਚਰਖਿਆਂ ਦੀ,
ਗਰਦਸ਼ ਹੇਠ ਹੈ ਐਹਲ ਫਰੰਗ ਹੋਣਾ।
ਡਿੱਠਾ "ਜੂਤ" ਜਦ ਸਾਡਾ "ਬ੍ਰਤਾਨੀਆਂ" ਨੇ,
"ਪੂਣੀ" ਵਾਂਗ ਹੈ, ਓਸਦਾ ਰੰਗ ਹੋਣਾ।
"ਮਾਨਚੈਸਟ੍ਰ" ਦੇ "ਮਾਨ" ਵੀ ਟੁੱਟ ਜਾਸਨ,
"ਲੰਕਾ ਸ਼ਾਇਰ" ਵੀ ਨਾਲੇ ਬ੍ਰਬਾਦ ਹੋਵੇ।
ਰੱਲਕੇ ਹਿੰਦੀਓ ਕਰੋ ਹੁਣ ਕੰਮ ਐਸਾ,
ਸਾਡੀ ਮਾਦਰੇ ਹਿੰਦ ਆਜ਼ਾਦ ਹੋਵੇ।
ਸਾਨੂੰ ਮਾਰਿਆ ਬੇਇਤਫਾਕੀਆਂ ਨੇ,
ਤਦੇ ਬਿਗੜਿਆ ਕੰਮ ਤੇ ਕਾਜ ਸਾਡਾ!

ਸ਼ਾਨ ਰਬਦੀ, ਕਰਨ ਹਕੂਮਤਾਂ ਓਹ,
ਜੇਹੜੇ ਭਰਦੇ ਸਨ, ਕਲ ਖ਼ਰਾਜ ਸਾਡਾ!
ਸੈਹ, ਸੈਹ, ਜ਼ੁਲਮ ਹੁਣ ਨਕ ਤੇ ਦਮ ਆਯਾ,
ਏਹਦੇ ਬਿਨਾਂ ਨਹੀਂ ਹੋਰ ਇਲਾਜ ਸਾਡਾ!
ਲੈਕੇ ਰਹੀਏ, ਹੁਣ ਦੋਸਤੋ, ਛਡੀਏ ਨਾ,
ਹੈ ਪੈਦਾਇਸ਼ੀ ਹੱਕ "ਸਵੈਰਾਜ" ਸਡਾ!
"ਖੜਕਸਿੰਘ" ਤੇ "ਗਾਂਧੀ" ਵੀ "ਸ਼ਰਫ਼" ਕਹਿੰਦੇ,
"ਮੁਹੰਮਦਅੱਲੀ" ਦਾ ਨਾਲ ਅਰਸ਼ਾਦ ਹੋਵੇ!
ਕਰੋ ਹਿੰਦੀਓ ਰਲਕੇ ਹੁਣ ਕੰਮ ਐਸਾ,
ਸਾਡੀ ਮਾਦਰੇ ਹਿੰਦ ਆਜ਼ਾਦ ਹੋਵੇ!

—o—

## ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਨੰਬਰ (੨)

ਇਹ ਕਵਤਾ ਸ਼ਹੀਦੀ ਮੇਲਾ ਸ੍ਰੀ ਨਨਕਾਣਾ ਸਾਹਿਬ ਵਿਖੇ ਫੱਗਨ ਵਿਚ ਪੜ੍ਹੀ ਗਈ, ਅਤੇ ਪਹਿਲੇ ਨੰਬਰ ਤੇ ਰਹਿਕੇ ਇਨਾਮ ਹਾਸਲ ਕੀਤਾ

ਸਮੱਸਿਆ ਇਹ ਸੀਃ—
"ਲਹੂ ਦੇ ਗੁਲਾਲ ਨਾਲ ਖੇਲੀ ਦੀਆਂ ਹੋਲੀਆਂ"

—o—

ਵਾਹਿਗੁਰੂਸਵਾਰਿਆਂ ਨੇ, ਗੁਰੂ ਦਿਆਂਪਿਆਰਿਆਂ ਨੇ,
ਅੱਖੀਦਿਆਂ ਤਾਰਯਾਂ ਨੇ ਕਹੀਆਂ ਰਮਜ਼ਾਂ ਖੋਲ੍ਹੀਆਂ!

ਪੰਥ ਵਾਲੇ ਹੁਕਮ ਪਾਏ, ਜਦੋਂ ਏਥੇ ਸਿੰਘ ਆਏ,
ਕੀ ਮੈਂ ਦਸਾਂ ਹਾਏ,ਹਾਏ,ਚੱਲੀਆਂ ਜਿਓਂ ਗੋਲੀਆਂ !
ਅੰਮ੍ਰਿਤ ਘੁਟ ਜੇਹੜੇ ਪੀਤੇ, ਪੂਰੇ ਕੌਲ ਓਹਨਾਂ ਕੀਤੇ,
ਗੋਲੀਆਂ ਦੇ ਦਾਨ ਲੀਤੇ ਅੱਡ ਅੱਡ ਝੋਲੀਆਂ !
ਚਲਕੇ ਸੋਹਣੇ ਸੰਗ ਅੰਦ੍ਰ, ਧਰਮ ਵਾਲੇ ਜੰਗ ਅੰਦ੍ਰ,
ਵਹਦਤ ਵਾਲੇ ਰੰਗ ਅੰਦ੍ਰ, ਰੰਗੀਆਂ ਸਨ ਚੋਲੀਆਂ !
ਤੜ, ਤੜ, ਪਚਕਾਰੀ, ਇਕ ਦੂਜੇ ਉਤੇ ਮਾਰੀ,
'ਗੋਕਲ ਮਥਰਾ ਕੰਬੀਸਾਰੀ', "ਗੋਪੀਆਂ" ਇਹ ਬੋਲੀਆਂ!
ਆਉ,ਆਉ,"ਕ੍ਰਿਸ਼ਨ,ਲਾਲ",ਤੁਸੀਂ ਵੀ ਇਹ ਵੇਖੋ ਚਾਲ,
ਲਹੂ ਦੇ ਗੁਲਾਲ ਨਾਲ ਖੇਲੀ ਦੀਆਂ ਹੋਲੀਆਂ !
ਬਾਹਰੋਂ ਮਾਰ ਪਾਪੀ ਤਾਲੇ, ਅੰਦ੍ਰ ਪਾ ਤੇਲ ਜਾਲੇ,
ਸੱਤੇ ਅੰਬਰ ਕੰਬੇ ਨਾਲੇ, ਸੱਤੇ ਧਰਤਾਂ ਡੋਲੀਆਂ !
ਮਨ ਦੀਆਂ ਮਨ ਰਹੀਆਂ, ਨਰਮ ਤੇ ਮਲੂਕ ਦੇਹੀਆਂ,
ਹਾਏ ਹਾਏ ਫੁਲਾਂ ਜੇਹੀਆਂ ਭਠੇ ਪਾਕੇ ਰੋਲੀਆਂ !
ਸ਼ਰਧਾ ਵਾਲੇ ਤਕੜ ਲਾਏ, ਧਰਮ ਵਾਲੇ ਵਟੇ ਪਾਏ,
ਜਾਨ ਵਾਲੀ ਜਿਨਸ ਲਿਆਏ, ਧਾਰ ਨਾਂ ਸਨ ਤੋਲੀਆਂ !
ਇਕ ਕੰਢੇ ਤੇ ਖਲੋਕੇ, ਦਸਨ "ਸ਼ਰਫ" ਜੇਹਿਆਂ ਰੋਕ,
ਇਕ ਹਸਨ ਪਾਰ ਹੋਕੇ, ਵੇਖੋ ਕੋਹਜੀਆਂ ਤੇ ਭੋਲੀਆਂ !

—o—

# ਨਵੇਦਨ !

ਤੁਸੀਂ ਬੜੇ ਕਦੀਰ ਕਰੀਮ ਮੌਲਾ,
ਰੰਗਾਂ ਰੰਗਾਂ ਦੇ ਰੰਗ ਦਖਾਉਂਣ ਵਾਲੇ !
ਏਸ ਜ਼ਿਮੀਂ ਅਸਮਾਨ ਨੂੰ ਸਾਜ ਕੇਤੇ,
ਬਿਨਾਂ ਥੱਮਾਂ ਦੇ ਤੁਸੀਂ ਟਕਾਉਂਣ ਵਾਲੇ !
ਅਫਤਾਬ, ਮੈਹਤਾਬ ਇਹ ਚੀਜ਼ ਕੀ ਨੇ,
ਜ਼ੱਰੇ ਜ਼ੱਰੇ ਵਿਚ ਨੂਰ ਚਮਕਾਉਂਣ ਵਾਲੇ !
ਕਤਰੇ ਸੁੱਟਕੇ ਪਾਨੀ ਵਿਚ ਪਾਣੀਆਂ ਦੇ,
ਤੁਸੀਂ ਸਿੱਪ ਤੋਂ ਮੋਤੀ ਸਜਾਉਂਣ ਵਾਲੇ !
ਤੁਸੀਂ ਬੜੇ ਰਹੀਮ ਕਰੀਮ ਮੌਲਾ,
"ਆਦਮਹਵਾ"ਦਾ ਮੇਲ ਕਰਾਉ ਣ ਵਾਲੇ !
ਵਡੇ "ਬੈਹਰ" ਹ ਰਹਿਮਤਾਂ ਸਚੀਆਂ ਦੇ,
ਕਿਸ਼ਤੀ"ਨੂਹ"ਦੀ ਪਾਰਲਗਾਉਂਣ ਵਾਲੇ !
ਤੁਸੀਂ ਰੋੜ"ਫਰਊਨ" ਨੂੰ "ਨੀਲ"ਅੰਦਰ,
"ਹਜ਼ਰਤ ਮੂਸਾ"ਨੂੰ ਪਾਰਲੰਘਾਉਂਣ ਵਾਲੇ !
"ਇਬਰਾਹੀਮ"ਦੇ ਵਾਸਤੇ"ਚਿਖਾ"ਬਲਦੀ,
ਤੁਸੀਂ ਆਣ ਗੁਲਜ਼ਾਰ ਬਨਾਉਂਣ ਵਾਲੇ !
ਅਸਮਾਈਲ ਪੈਗੰਬਰ ਦੀ ਛੁਰੀ ਕੋਲੋਂ,
ਇਕ ਇਕ ਲੂੰ ਨੂੰ ਤੁਸੀਂ ਬਚਾਉਂਣ ਵਾਲੇ !
ਤੁਸੀਂ "ਯੂਨਸ" ਨੂੰ ਮੱਛੀ ਦੇ ਪੇਟ ਵਿਚੋਂ,
ਬਾਹਰ ਸਹੀ ਸਲਾਮਤ ਕਢਾਉਂਣ ਵਾਲੇ !

"ਸੁਲੇਮਾਨ" ਪੈਗੰਬਰ ਨੂੰ ਤੁਸੀਂ ਮੁੜਕੇ,
ਉਹੋ "ਤਖਤ ਹਵਾਈ" ਦਵਾਉਣ ਵਾਲੇ !
ਕੱਢ ਖੂਹ ਚੋਂ ਵੇਖ ਬਾਜ਼ਾਰ ਅੰਦਰ,
ਤੁਸੀਂ "ਯੂਸਫ" ਨੂੰ ਤਾਜਪੈਹਨਾਉਣ ਵਾਲੇ !
ਕਿਰਮ ਖਾਦੇ "ਅਯੂਬ" ਦੇ ਬਦਨ ਉਤੇ,
ਕਰਮ ਤੁਸੀਂ ਸੌ ਹੋਰ ਫੁਰਮਾਉਣ ਵਾਲੇ !
"ਹਜ਼ਰਤ ਈਸਾ" ਨੂੰ ਕਢਕੇ ਦੁਸ਼ਮਨਾਂ ਚੋਂ,
'ਚੌਥੇ ਫਲਕ" ਤੇ ਤੁਸੀਂ ਪੁਚਾਉਣ ਵਾਲੇ !
ਸੱਦ ਹਜ਼ਰਤ ਮੁਹੰਮਦ ਨੂੰ "ਅਰਸ਼" ਉਤੇ,
ਰੁਤਬਾ ਖਾਕਦਾ ਤੁਸੀਂ ਵਧਾਉਣ ਵਾਲੇ !

---o---

ਲੱਜਪਾਲ ਹੋ ਤੁਸੀਂ ਨਰਾਇਨ ਵਡੇ,
"ਇੰਦ੍ਰ" ਕੋਲੋਂ "ਰਾਵਲੇ ਦਖਾਉਣ ਵਾਲੇ !
"ਪ੍ਰਹਿਲਾਦ" ਨੂੰ ਵੀ ਦੀਨਾ ਨਾਥ ਸਚੇ,
ਤੁਸੀਂ ਥੰਮ "ਚੋਂ ਦਰਸ਼ਨ ਦਖਾਉਣ ਵਾਲੇ !
ਨਰਸੀ ਭਗਤਦੀ ਸੀ "ਸਾਵਲਸ਼ਾਹ" ਬਨਕੇ,
ਰਾਮ ਨਾਮ ਦੀ ਹੁੰਡੀ ਤੜਾਉਣ ਵਾਲੇ !
ਨਾਰੀ "ਗੋਤਮ" ਦੀ ਪੱਥਰ ਹੋਗਈ ਹੋਈ ਨੂੰ,
ਆਦਮਰੂਪ ਵਿਚ ਤੁਸੀਂ ਲਿਆਉਣ ਵਾਲੇ !
ਅਪਰ ਅਪਾਰ ਗੁਪਾਲ ਹੋ, ਹਰੀ ਹਰ ਹਰ,
"ਸੀਤਾ" "ਰਾਮ" ਨੂੰ ਤੁਸੀਂ ਮਲਾਉਣ ਵਾਲੇ !
ਬਨਕੇ ਮਨੁਸ਼, ਬ੍ਰਹਮਾ ਦੇ ਵੈਦ ਸਾਰੇ,
ਹੇ ਪ੍ਰਮਾਤਮਾਂ ਤੁਸੀਂ ਲਭਾਉਣ ਵਾਲੇ !

"ਧੱਨੇ ਭਗਤ" ਦੀ ਨਿਸਚਾ ਨੂ ਵੇਖਕੇਤੇ,
ਤੁਸੀਂ "ਪਥਰ" ਨੂ ਭੋਜਨ ਖੁਆਉਂਣ ਵਾਲੇ!
ਪ੍ਰਿਤਪਾਲ ਜੀ, ਭਰੇ ਦਰਬਾਰ ਅੰਦਰ,
ਤੁਸੀਂ "ਦ੍ਰੋਪਤੀ" ਤੇ ਪਰਦੇ ਪਾਉਂਣ ਵਾਲੇ!
ਹੇ ਭਗਵਾਨ ਟਟੀਹਰੀ ਦੇ ਬਚਿਆਂ ਨੂੰ,
ਖੂਨੀ ਯਧ ਥੀਂ ਤੁਸੀਂ ਬਚਾਉਂਣ ਵਾਲੇ!
ਬੜੇ ਰਖਸ਼ਕ ਹੋ ਤੁਸੀਂ ਨਿਹੱਤਿਆਂ ਦੇ,
ਫਾਹੀ ਸਾੜਕੇ ਹਰਨੀ ਛੁਡਾਉਂਣ ਵਾਲੇ!
ਵਲ ਛਲ, ਸਬ ਤੁਸੀਂ ਨਾਰਾਇਨ ਜਾਨੂੰ,
ਕੁਬਜ਼ਾਂ ਜੇਹਿਆਂ ਦੇ ਕੁਬ ਗੁਵਾਉਂਣ ਵਾਲੇ!
ਠੰਡੇ "ਯਖ" "ਸਧਮ" ਲਈ ਕਰ ਦਿਤੇ,
ਤੁਸੀਂ ਤਪੇ ਕੜਾਹੇ ਜਲਾਉਂਣ ਵਾਲੇ!

—o—

'ਖੁਸ਼ਕ ਪੱਥਰਾਂ' ਵਿਚੋਂ ਨਿਰਭੌ ਸਚੇ,
ਤੁਸੀਂ ਪਾਣੀ 'ਤਿਹਾਇਆਂ' ਨੂੰ ਪਿਆਉਣਵਾਲੇ!
ਦਾਣੇ ਵਾਂਗ ਦਾਨੇ ੨ ਪਿਸ ਆਖ ਗਏ ਨੇ,
ਤੁਸੀ ਦਰਤੋਂ ਚੱਕੀ ਚਲਾਉਨ ਵਾਲੇ!
ਅੰਤਰ ਯਾਮੀ ਹੋ ਤੁਸੀਂ ਕਰਤਾਰ ਐਸੇ,
"ਦੁਸ਼ਟ ਰਾਖਸ਼ਾਂ" ਨੂੰ ਰਾਹੇ ਲਾ ਨ ਵਾਲੇ!
"ਲੋਹਾਂ ਤਪਦੀਆਂ ਤੇ ਦੇਗਾਂ ਰਿਝਦੀਆਂ" ਵਿਚ,
ਤੁਸੀਂ ਲੂੰ ਨਹੀਂ ਤਤਾ ਕਰਾਉਨ ਵਾਲੇ!
ਰੀਤਾਂ ਸਚੀਆਂ ਲਈ, ਰੇਤਾਂ ਤਤੀਆਂ ਦੇ,
ਜ਼ੱਰੇ ਨੂਰ ਬਨ ਕੇ ਉਡਾਉਨ ਵਾਲੇ!

ਤੁਸੀਂ ਪ੍ਰਤਿਪਾਲ੍ਹ ਮੁਢੋਂ "ਆਜਜ਼ਾਂ" ਦੇ,
"ਆਵੇਵਿੱਚਸਾੜੋ""ਦੁਸ਼ਮਨ"ਆਉਨਵਾਲੇ!
ਘਟ ਘਟ ਜਾਨੂੰ ਤੁਸੀ ਵਾਹਿਗੁਰੂ ਜੀ,
ਸੜੀਆਂਪਾਥੀਆਂਚੋਂ ਸਾਬਤ ਰਖਾਉਨਵਾਲੇ!
ਵਾਲੀ ਹਿਕਮਤਾਂ ਦੇ ਸਿਰਜਨ ਹਾਰ ਸਚੇ,
ਤੁਸੀਂ ਇੱਕ ਦੇ ਤਿੰਨ ਸਮਝਾਉਨ ਵਾਲੇ!
"ਨਾਮ ਦੇਉ" ਦੀ ਜਾਨ ਬਚਾਉਣ ਵਾਲੇ,
ਮੋਈ ਗਊ ਨੂੰ ਤੁਸੀਂ ਜਵਾਉਨ ਵਾਲੇ!
"ਸਨੇ ਰਾਜਿਆਂ ਦੇ ਬੰਦੀ ਛੋੜ ਦਾ ਦਲ",
ਕਲੀ ਕਲੀ ਦੇ ਵਾਂਗ ਖੜਾਉਨ ਵਾਲੇ!
ਕਾਲੀਂ ਰਾਤ ਚੋਂ ਕਢਦੇ ਹੋ ਦਿਨ ਚਿੱਟਾ,
ਤੁਸੀਂ ਕਾਂਵਾਂ ਦ ਹੰਸ ਬਨਾਉਨ ਵਾਲੇ!
ਤੁਸੀਂ ਕਰੋ ਸਾਲਮ ਲੂਹਲੇ ਪਿੰਗਲੇ ਨੂੰ,
ਬੇੜੇ ਸਿਦਕ ਦੇ ਨਹੀਂ ਅਟਕਾਉਨ ਵਾਲੇ!
ਕੇਹੜੇ ਗਾਵੀਏ ਕੇਹੜੇ ਨ ਗਾਵੀਏ ਜੀ,
ਗੁਨ ਜੱਸ ਤੁਹਾਡੇ ਸਭੇ ਗਾਉਨ ਵਾਲੇ!
ਤੁਹਾਡੇ ਨਾਲ ਮੁਕਾਬਲੇ ਜਿਨਹਾਂ ਕੀਤੇ,
ਉਹਨਾਂ ਉਤੇ ਵੀ ਰਹਿਮ ਕਮਾਉਣ ਵਾਲੇ!
ਅਸੀਂ ਪਾਪ ਕਰਦੇਨਹੀਂ ਸ਼ਰਮਾਉਨ ਵਾਲੇ,
ਤੁਸੀਂਕਿਰਪ ਕਰਦੇ ਨਹੀਂਘਬਰਾਉਨਵਾਲੇ!
ਆਲੀ ਬਾਰਗਾਹ ਵਿਚੋਂ ਸਵਾਲੀਆਂ ਨੂੰ,
ਤੁਸੀਂ ਕਦੀ ਨਹੀਂ ਖਾਲੀ ਫਰਾਉਨ ਵਾਲੇ!

ਤੰਗ ਆਗਏ ਗੁਲਾਮੀ ਦੇ ਤੌਕ ਕੋਲੋਂ
ਦੁਖ ਦਰਦ ਬੇਹਦ ਉਠਾਉਨ ਵਾਲੇ !
ਹੇ ਪ੍ਰਮਾਤਮਾ, ਵਾਹਿਗੁਰੂ, ਯਾ ਅਲਾ,
ਦੂਰ ਕਰ ਦਿਉ ਸਾਡੇ ਸਤਾਉਨ ਵਾਲੇ !

—%-੦-%—

## ਏਕਤਾ ਦਾ ਮੰਦਰ ਤੇ ਅਜ਼ਾਦੀ ਦੇਵੀ

(ਵਲੋਂ ਸ੍ਰ: ਮਖਨ ਸਿੰਘ ਸੈਕ੍ਰੇਟਰੀ ਦੀ ਈਸਟਰਨ ਕੁਮਰਸ਼ਲ ਐਂਡ ਬੈਂਕਿੰਗ ਕੰਪਨੀ ਲਿਮੇਟਿਡ ਅੰਮ੍ਰਿਤਸਰ
(ਇਹ ਕਵਿਤਾ "ਕਵੀ ਦਰਬਾਰ" "ਜਲ੍ਹਿਆਂ ਵਾਲਾ" ਬਾਗ

ਵਿਚ ਪੜੀ ਗਈ)

—੦—

ਹੁੰਦੇ ਕੰਮ ਨੂ ਕਦਾ ਂ ਵਗਾੜੀਏ ਨਾ
ਵਿਗੜੇ ਹੋਏ ਨੂੰ ਸਗੋਂ ਸਵਾਰ ਦੇਈਏ !
ਜੇਕਰ ਦੁਸ਼ਮਨ ਨੂੰ ਮਾਰਨਾ ਕਦੀ ਹੋਵੇ,
ਪਹਿਲਾਂ ਅਪਨੇ ਆਪ ਨੂੰ ਮਾਰ ਦੇਈਏ !
ਚੜ੍ਹ ਜਾਈਏ "ਫਕੀਰੇ" ਵਾਂਗ ਫਾਂਸੀ,
ਸਿਰੋਂ ਮੁਲਕ ਦਾ ਫਰਜ਼ ਉਤਾਰ ਦੇਈ

ਏਸ "ਕਾਂਗ ਤੂਫਾਨ" ਦਾ ਫਿਕਰ ਕਰੀਏ,
ਬੇੜਾ ਡੋਬ ਨ ਕਿਤੇ ਵਿਚਕਾਰ ਦੇਈਏ।
ਰਿਸ਼ਤਾ ਹਿੰਦੂ ਤੇ ਮੁਸਲਮ ਦਾ ਹੋਵੇ ਪੱਕਾ,
ਤਸਬੀ ਵਿੱਚ ਪ੍ਰੋ ਜ਼ੁੱਨਾਰ ਦੇਈਏ।
ਘੁੱਮਨ ਘੇਰ ਵਿੱਚ ਕੌਮ ਦੀ ਫਸੀ ਬੇੜੀ,
ਰਲਕੇ ਏਸ ਨੂੰ ਪਾਰ ਉਤਾਰ ਦੇਈਏ।

—:(੦):—

ਮਗਰ ਲਗਕੇ ਮੁਢ ਦੇ ਵੈਰੀਆਂ ਦੇ,
ਅਸੀਂ ਝਲੀਏ ਮੁਫਤ ਬਦਨਾਮੀਆਂ ਨੂੰ।
ਹਲਵਾ ਮੰਡਾ ਇਹ ਅਪਣਾ ਤੋਰਦੇ ਨੇ,
ਪਏ ਲੜਾ ਲੜਾ ਅਸਾਮੀਆਂ ਨੂੰ।
ਖਾਹਸ਼ ਮੰਦ ਜੇ ਤੁਸੀਂ ਸਵੈਰਾਜ ਦੇ ਹੋ,
ਜੇ ਹੈ, ਤੋੜਨਾ ਤੁਸਾਂ ਗੁਲਾਮੀਆਂ ਨੂੰ।
ਦੂਰੋਂ ਕਹੀਏ ਸਲਾਮ "ਮੁਲਾਨਿਆਂ" ਨੂੰ
ਮਥਾ ਟੇਕੀਏ ਦੂਰੋਂ "ਸਵਾਮੀਆਂ" ਨੂੰ।
"ਭਾਰਤ ਮਾਤਾ" ਦਾ ਗਲਾ ਕਟੌਣ ਬਦਲੇ,
ਕਾਹਨੂੰ ਇਹਨਾਂ ਦ ਹਥੀਂ ਤਲਵਾਰ ਦੇਈਏ।
ਘੁਮਣ ਘੇਰ ਵਿਚ ਕੌਮ ਦੀ ਫਸੀ ਬੇੜੀ,
ਰਲਕੇ ਏਸ ਨੂੰ ਪਾਰ ਉਤਾਰ ਦੇਈਏ।
ਲਾਲਾ ਤਿਲਕ ਮੇਹਰਾਬਇਹ ਕਹਿਣ ਸਾਨੂੰ,
ਮਥੇ ਗੈਰ ਦਰਵਾਜੇ ਤੇ ਮਾਰਦੇ ਰਹੋ।
ਆਬੇ ਜ਼ਮ ਜ਼ਮ ਤੇ ਗੰਗਾ ਦੇ ਪਾ ਝਗੜੇ,

ਵਿਚੇ ਡੁਬੋ, ਨ ਪਾਰ ਉਰਾਰ ਹੋ ਰਹੋ!
ਕਿਸੇ ਛੇੜ "ਮੁਲਤਾਨ" ਤੇ "ਮੋਪਲਾ" ਦੇ,
ਸ਼ੋਸ਼ੇ "ਸ਼ੁਧੀ" ਦੇ ਕਦੀਂ ਵਚਾਰਦੇ ਰਹੋ!
"ਭਾਰਤ ਮਾਤਾ" ਦੇ ਫੱਟਾਂ ਤੇ ਲੂਣ ਪਾ ਪਾ,
ਏਸੇ ਤਰਾਂ ਹੀ ਉਮਰ ਗੁਜ਼ਾਰਦੇ ਰਹੋ!
ਤਿੰਨ, ਪੰਜ, ਨ ਇਹਨਾਂ ਦੀ ਕਦੀ ਸੁਨੀਏ,
ਲਈਏ ਦੋ ਨਾ ਕਿਸੇ ਨੂੰ ਚਾਰ ਦੇਈਏ!
ਘੁੰਮਣ ਘੇਰ ਵਿਚ ਕੌਮ ਦੀ ਫਸੀ ਬੇੜੀ,
ਰਲਕੇ ਏਸ ਨੂੰ ਪਾਰ ਉਤਾਰ ਦੇਈਏ!

---o---

ਸ਼ਾਹੀ ਗੈਰ ਦੀ ਵਿੱਚ ਕੀ ਮਜ਼ਹਬ ਚਮਕੇ,
ਬੱਦਲ ਹੇਠਾਂ ਕੀ ਰੋਸ਼ਨੀ ਤਾਰਿਆਂ ਦੀ!
ਵੇਖ ਬੈਠੇ ਹੋ, ਮਾਰਸ਼ਲ, ਲਾ, ਅੰਦਰ,
ਹਾਲਤ ਮਸਜਦਾਂ ਤੇ ਗੁਰਦਵਾਰਿਆਂ ਦੀ!
ਰੁੜ੍ਹੇ ਜਾਨੇ ਹਾਂ ਅੱਜੇ ਦਰਿਆ ਅੰਦਰ,
ਮੰਜਲ ਦੂਰ ਹੈ, ਸਾਡੀ ਵਿਚਾਰਿਆਂ ਦੀ!
ਕੰਢੇ ਲੱਗ ਕੇ ਅੱਗ ਬੁਝਾ ਲੈਣੀ,
ਭਖੀ ਹੋਈ ਏਹ ਦਿਲੀ ਅੰਗਆਰਿਆਂ ਦੀ!
ਪਾਣੀ ਮਾਰੀਆਂ ਗਲਾਂ ਤੇ ਅਮਲ ਕਰ ਕਰ,
ਕਾਹਨੂੰ ਅਪਨਾ ਆਪ ਨਿਘਾਰ ਦਈਏ!
ਘੁਮਣ ਘੇਰ ਵਿਚ ਕੌਮ ਦੀ ਫਸੀ ਬੇੜੀ,
ਰਲਕੇ ਏਸ ਨੂ ਪਾਰ ਉਤਾਰ ਦੇਈਏ!

---o---

ਨੀਂਹ ਵੈਰ ਵਿਰੋਧ ਦੀ ਪੁਟ ਦੇਈਏ,
ਤਦੇ ਫ਼ੈਸਲਾ ਸਾਰਾ ਬੈਬਾਕ ਹੋਵੇ!
ਪਾਣੀ ਆਬਰੂ ਦਾ ਪਾ ਬਨਾਈਏ ਗਾਰਾ,
ਖਾਕਸਾਰੀ ਵਾਲਾ ਚੂਨਾ ਖਾਕ ਹੋਵੇ!
ਖਾਹਸ਼ਮੰਦ, ਸਵੈਰਾਜ ਦੇ ਰਾਜ ਲਈਏ,
ਹਰ ਇਕ ਇਟ ਮੁਹਬਤ ਦੀ ਪਾਕ ਹੋਵੇ!
ਕਾਰੀਗਰੀ, ਉਸਤਾਰੀ ਵਿੱਚ ਜੇਹੀ ਕਰੀਏ,
ਸਾਰੇ ਯੂਰਪ ਅੰਦਰ ਪੈਗਈ ਧਾਕ ਹੋਵੇ!
ਰੰਗ, ਨਸਲ, ਕੌਮੀਯਤਦਾ ਮੈਹਲ ਢਾਹ ਕੇ,
ਮਸਾਵਾਤ ਦਾ ਮੰਦਰ ਉਸਾਰ ਦੇਈਏ!
ਘੁਮਣ ਘੇਰ ਵਿਚ ਕੌਮ ਦੀ ਫਸੀ ਬੇੜੀ,
ਰਲਕੇ ਏਸ ਨੂੰ ਪਾਰ ਉਤਾਰ ਦੇਈਏ!

—ੰ-੦ੰ—

"ਸ਼ਾਂਤਮਈ" ਦੀਆਂਕੜੀਆਂ, ਸ਼ਤੀਰ ਲੈਕੇ,
ਚੰਗੀ ਤਰਾਂ ਫੇਰ ਓਸਨੂੰ ਛੱਤ ਦੇਵੋ!
"ਨਾਮਿਲਵਰਤਨ" ਵਾਲੀ ਓਸਤੇ ਟੀਪ ਕਰਕੇ,
ਤੋੜ ਦੁਸ਼ਮਨਾਂ ਦਾ ਜ਼ੱਤ ਸੱਤ ਦੇਵੋ!
"ਸਿਵਲ ਨਾ ਫੁਰਮਾਨੀ" ਦੇ ਪਾ ਬੂਟੇ,
ਨੌਕਰਸ਼ਾਹੀ ਦੀ ਮਾਰ ਚਾ ਮਤ ਦੇਵੋ!
"ਜਲ੍ਹਿਆਂ ਵਾਲੇ" ਸ਼ਹੀਦਾਂ ਦਾ ਖ਼ੂਨ ਲੈਕੇ,
ਕਰ ਫੁਲ ਸਾਰੇ ਰੱਤੇ ਰੱਤ ਦੇਵੋ!

ਵੇਖ ਵੇਖ "ਬਰਤਾਨੀਆਂ" ਖਾਰ ਖਾਵੇ,
ਐਸੀ ਗਮਾ ਦੀ ਲਿਖ ਗੁਲਜ਼ਾਰ ਦੇਈਏ!
ਘੁਮਣ ਘੇਰ ਵਿਚ ਕੌਮ ਦੀ ਫਸੀ ਬੇੜੀ,
ਰਲਕੇ ਏਸ ਨੂ ਪਾਰ ਉਤਾਰ ਦੇਈਏ!

—:-o-:—

ਓਸ ਮੰਦਰ ਅੰਦਰ ਹੋਵੇ ਮੂਰਤੀ ਜੋ,
ਰਖੇ ਪ੍ਰੇਮ ਹਰਦਮ ਖਾਸੋ ਆਮ ਉਹਦਾ!
ਭੁਲ ਜਾਨ ਸਿਆਹ, ਸੁਫੈਦ ਸਾਰੇ,
ਐਸਾ ਧਿਆਨ ਹੋਵੇ, ਸੁਬਾ ਸ਼ਾਮ ਉਹਦਾ!
ਸਿਰ ਨੂੰ ਤਲੀ ਤੇ ਰੱਖਕੇ ਰਿਵੇ ਫਿਰਦਾ,
ਭੇਟ ਵਾਸਤੇ ਹਰ ਇਕ ਗੁਲਾਮ ਉਹਦਾ!
ਹੋਵੇ ਗਲੇ ਜਨੇਊ, ਤੇ ਹੱਥ ਤਸਬੀਹ,
ਹੋਵੇ "ਦੇਵੀ ਅਜ਼ਾਦੀ" ਦੀ ਨਾਮ ਉਹਦਾ!

ਜ਼ਿੰਦਾ ਕੌਮ ਬਣਕੇ ਹਿੰਦੁਸਤਾਨ ਅੰਦਰ,
ਸਾਰੇ ਜੱਗ ਤੇ ਖੋਲ੍ਹ ਅਸਰਾਰ ਦੇਈਏ!
ਘੁੱਮਣ ਘੇਰ ਵਿੱਚ ਕੌਮ ਦੀ ਫਸੀ ਬੇੜੀ,
ਰਲਕੇ ਏਸ ਨੂੰ ਪਾਰ ਉਤਾਰ ਦੇਈਏ!

—:-o-:—

ਜਾਏ ਦਾਗ ਨ ਲੱਖ ਇਲਾਜ ਕਰੀਏ,
ਲੱਗਾ ਕਾਰੀ ਜੋ ਜ਼ਖਮ ਤਲਵਾਰ ਹੋਵੇ !
ਰਹੀਏ ਬਾਜ਼ ਉਸ ਯਾਰ ਦੀ ਦੋਸਤੀ ਤੋਂ,
ਦਿੱਤਾ ਤੋੜ ਜਿਸ ਕੌਲ ਕਰਾਰ ਹੋਵੇ !
ਫੁਲ ਉੱਸੇ ਫੁਲਵਾੜੀ ਦੋਂ ਟੁਟਦੇ ਨੇ,
ਆਈ ਮੌਸਮੀ ਜਿਸਤੇ ਬਹਾਰ ਹੋਵੇ !
ਆਪਾ ਵਾਰ ਮੁਸੀਬਤਾਂ ਝਲਦਾ ਜੋ,
ਉਹੋ ਕੌਮ ਦਾ ਮੁਖੀ ਸਰਦਾਰ ਹੋਵੇ !
"ਮਖਣ ਸਿੰਘ" ਜ਼ਰ ਦੌਲਤਾਂ ਚੀਜ਼ ਕੀ ਨੇ,
ਆਓ ਸੀਸ ਸਵੈਰਾਜ ਤੋਂ ਵਾਰ ਦੇਦੀਏ !
ਘੁੱਮਣ ਘੇਰ ਵਿੱਚ ਕੌਮ ਦੀ ਫਸੀ ਬੇੜੀ,
ਰਲਕੇ ਏਸ ਨੂੰ ਪਾਰ ਉਤਾਰ ਦੇਈਏ !

[illegible] ਪੁਸਤਕ ਮਿਲਣ ਦਾ ਪ[illegible]
[illegible] ਹ ਦੇਸ[illegible]
ਅੰਮ੍ਰਿਤਸਰ